
FARM AND SPICE
Open 7 Days a Week
8.30 am to 9.00 pm
SPECIAL OFFERS: 15-21 SEPT
Daily Specials on
ਪੱਤਾ ਗੋਬੀ
Cabbage
New Zealand
99¢ /lb
ਸ਼ਿਮਲਾ ਮਿਰਚ
Green Pepper
99¢ /lb
ਐਂਬ੍ਰੋਸੀਆ ਸੇਬ
Apple
Ambrosia
$1.29 /lb
ਅਸ਼ੋਕਾ ਸਾਗ
Ashoka
Sarson Ka
Saag
Sarson ka Saag
850g
$1.99 each
ਗਾਲਾ ਬੀ ਸੀ ਸੇਬ
Gala BC
Apple
$1.29 /lb
ਸਵਰਨ ਗੁੜ ਸ਼ੱਕਰ
Swarn
Pesi Gur
Shakkar
Pesi Gur
1kg
$3.99 each
ਅੰਮ੍ਰਿਤ ਰੱਸ
Amrit
Gur Rusk
AMRIT
GUR RUSK
500g
$4.49 each
ਹੀਰ ਦਾਲਾਂ
Heer Lentils
Moong Washed / Moong Whole/Chickpeas
Moth/Chana Dal/Red Split/Kala Chana/Urad Whole/
Heer
4lb
$5.99 each
ਗੁਲਾਬ ਜਾਮਣ/ਰਸਗੁੱਲੇ
Haldiram
Gulab Jamun/Rasgulla
Rasgulla
Gulab Jamun
$4.99 each
ਮੇਰੀ ਚਾਹ
Meri Chai
Tea Bags
MERI CHAI
Orange Pekoe
216Bags
$6.99 each
ਹੈਲੋ ਜੀ ਚਾਵਲ
Hello JI
Basmati Rice
Hello Ji
CLASSIC XXL
Basmati
Rice
8lb
$9.99 each
ਹੀਰ ਖੰਡ
Heer Sugar
White
Pure Cane Sugar
8 lb
$6.99 each
ਹੀਰ ਖੰਡ
Heer Sugar
Brown
Brown Cane Sugar
8 lb
$7.99 each
#9546-9548 Scott Town Plaza 96 Ave Scott Road Surrey
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

# ਯੂਕੇ ਪੀਐਮ ਰਿਸ਼ੀ ਸੁਨਕ ਵੱਲੋਂ ਦਿੱਤਾ ਬਿਆਨ ਸਿੱਖਾਂ ਵਿੱਚ ਦਹਿਸ਼ਤ ਪੈਦਾ ਕਰਨ ਵਾਲਾ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਵੱਲੋਂ ਨਿਖੇਧੀ:ਖਾਲਿਸਤਾਨ ਦੀ ਸਥਾਪਨਾ ਸਿੱਖਾਂ ਦਾ ਹੈ ਕੌਮੀ ਨਿਸ਼ਾਨਾ

ਨਵੀਂ ਦਿੱਲੀ- ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਵਲੋਂ ਖਾਲਿਸਤਾਨੀਆਂ ਨੂੰ ਦਿੱਤੇ ਗਏ ਸੁਨੇਹੇ ਤੇ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਜਥੇਬੰਦੀਆਂ ਨੇ ਟਿੱਪਣੀ ਕਰਦਿਆਂ ਆਖਿਆ ਕਿ ਉਹਨਾਂ ਨੂੰ ਇਹੋ ਜਿਹੀਆਂ ਧਮਕੀਆਂ ਦੀ ਕੋਈ ਪ੍ਰਵਾਹ ਨਹੀਂ ਹੈ। ਸਿੱਖ ਤਾਂ ਮੌਤ ਤੋਂ ਵੀ ਨਹੀ ਡਰਦਾ ਬਲਕਿ ਮੌਤ ਤੋਂ ਡਰਨ ਵਾਲਾ ਸਿੱਖ ਅਖਵਾਉਣ ਦਾ ਹੱਕਦਾਰ ਹੀ ਨਹੀਂ ਹੈ। ਜਿਕਰਯੋਗ ਹੈ ਯੂਕੇ ਦੇ ਪ੍ਰਧਾਨ ਮੰਤਰੀ ਵਲੋਂ ਖਾਲਿਸਤਾਨੀਆਂ ਨੂੰ ਆਖਿਆ ਗਿਆ ਸੀ ਉਹਨਾਂ ਨੂੰ ਸ਼ਾਤੀ ਭੰਗ ਨਹੀ ਕਰਨ ਦਿੱਤੀ ਜਾਵੇਗੀ।ਸਮਝਿਆ ਜਾਂਦਾ ਹੈ ਕਿ ਇਹ ਬਿਆਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖੁਸ਼ ਕਰਨ ਵਾਸਤੇ ਭਾਰਤ ਜਾਣ ਸਮੇਂ ਦਿਤਾ ਗਿਆ, ਜਿਸ ਨੂੰ ਹਿੰਦੂਤਵੀ ਮੀਡੀਏ ਵਲੋਂ ਵੱਡੀ ਪੱਧਰ ਤੇ ਪ੍ਰਚਾਰਿਆ ਗਿਆ ਤਾਂ ਕਿ ਖਾਲਿਸਤਾਨ ਪੱਖੀ ਸਿੱਖਾਂ ਵਿੱਚ ਦਹਿਸ਼ਤ ਦੇ ਮਾਹੌਲ ਸਿਰਜਿਆ ਜਾ ਸਕੇ। ਯੂਕੇ ਦੀਆਂ ਖਾਲਿਸਤਾਨੀ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵਲੋਂ ਜਾਰੀ ਪ੍ਰੈੱਸ ਬਿਆਨ ਵਿੱਚ ਆਖਿਆ ਗਿਆ ਕਿ ਖਾਲਿਸਤਾਨ ਸਿੱਖਾਂ ਦਾ ਕੌਮੀ ਨਿਸ਼ਾਨਾ ਹੈ ਅਤੇ ਇਸਦੀ ਦੀ ਪ੍ਰਾਪਤੀ ਵਾਸਤੇ ਆਖਰੀ ਦਮ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ।ਯੂਕੇ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੂੰ ਯਾਦ ਕਰਵਾਇਆ ਗਿਆ ਕਿ ਜਿੰਨਾ ਕੁ ਹੱਕ ਯੂਕੇ ਵਿੱਚ ਉਸਦਾ ਹੈ ਉਨਾ ਹੱਕ ਹੀ ਹਰੇਕ ਬ੍ਰਿਟਿਸ਼ ਸਿਟੀਜਨ ਹੈ ਬਲਕਿ ਅਣਮਿੱਥੇ ਸਮੇਂ ਲਈ ਯੂਕੇ ਵਿੱਚ ਰਹਿਣ ਵਾਲਾ ਹਰ ਵਿਆਕਤੀ ਵੀ ਲੱਗਭਗ ਇਹ ਹੱਕ ਰੱਖਦਾ ਹੈ।ਆਜਾਦੀ ਦੁਨੀਆ ਦੇ ਹਰੇਕ ਇਨਸਾਨ ਦਾ ਮੁੱਢਲਾ ਹੱਕ ਹੈ।ਇਸ ਹੱਕ ਤੋਂ ਵਾਂਝੇ ਵਿਆਕਤੀਆਂ, ਕੌਮਾਂ ਨੂੰ ਇਸ ਹੱਕ ਦੀ ਪੂਰਤੀ ਵਾਸਤੇ ਸੰਘਰਸ਼ ਦਾ ਵੀ ਹੱਕ ਹੈ।ਜ਼ਿਕਰਯੋਗ ਹੈ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਵਲੋਂ ਯੂਕੇ ਵਿਚ ਰੋਸ ਅਤੇ ਰੋਹ ਭਰਪੂਰ ਮੁਜਾਹਰਿਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਭਾਰਤ ਵਿੱਚ ਸਿੱਖਾਂ ਸਮੇਤ ਘੱਟ ਗਿਣਤੀਆਂ ਤੇ ਹੋ ਰਹੇ ਜ਼ੁਲਮਾਂ ਖਿਲਾਫ ਆਵਾਜ ਬੁਲੰਦ ਕੀਤੀ ਜਾਂਦੀ ਹੈ।



# ਪੰਜਾਬ ਆਰਥਿਕ ਕੌਰੀਡੋਰ ਦੀ ਤਜਵੀਜ਼ ਵਾਹਗਾ ਬਾਰਡਰ ਤੋਂ ਦੂਰ

ਜੀ-20 ਸੰਮੇਲਨ ਵਿੱਚ ਆਰਥਿਕ ਕੌਰੀਡੋਰ ਦੀ ਐਲਾਨੀ ਤਜਵੀਜ਼ 'ਚੋਂ ਪੰਜਾਬ ਦੀਆਂ ਉਮੀਦਾਂ ਨੂੰ ਬੂਰ ਪੈਂਦਾ ਨਹੀਂ ਜਾਪ ਰਿਹਾ ਹੈ।ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਆਲਮੀ ਵਪਾਰ ਵਾਸਤੇ ਜੋ ਮੱਧ ਪੂਰਬ ਤੇ ਉਸ ਤੋਂ ਅੱਗੇ ਯੂਰਪ ਤੱਕ ਰੇਲ ਤੇ ਸਮੁੰਦਰੀ ਸੰਪਰਕ ਦੇ ਪਾਸਾਰ ਦਾ ਐਲਾਨ ਕੀਤਾ ਗਿਆ ਹੈ, ਪੰਜਾਬ ਨੂੰ ਉਸ ਦਾ ਕੋਈ ਲਾਭ ਨਹੀਂ ਮਿਲੇਗਾ।ਸਿਆਸੀ ਮਾਹਿਰਾਂ ਦੀ ਦਲੀਲ ਹੈ ਕਿ ਪਾਕਿਸਤਾਨ ਤੇ ਅਫ਼ਗਾਨਿਸਤਾਨ ਜੀ-20 ਦੇ ਮੈਂਬਰ ਨਹੀਂ ਹਨ, ਜਿਸ ਕਰ ਕੇ ਆਰਥਿਕ ਕੌਰੀਡੋਰ ਵਿੱਚ ਵਾਹਗਾ ਬਾਰਡਰ ਖੋਲ੍ਹੇ ਜਾਣ ਦਾ ਸਵਾਲ ਮੁੱਢਲੇ ਪੜਾਅ 'ਤੇ ਹੀ ਰੱਦ ਹੋ ਜਾਂਦਾ ਹੈ। ਪੰਜਾਬ ਤਰੱਕੀ ਦੀ ਪੁਲਾਂਘ ਤਾਂ ਹੀ ਪੁੱਟ ਸਕਦਾ ਹੈ ਜੇਕਰ ਵਾਹਗਾ ਬਾਰਡਰ ਖੋਲ੍ਹਿਆ ਜਾਵੇ।ਪੰਜਾਬ ਦੇ ਸੰਸਦ ਮੈਂਬਰਾਂ ਨੇ ਵੀ ਕਦੇ ਸਮੂਹਿਕ ਤੌਰ 'ਤੇ ਸੰਸਦ ਵਿੱਚ ਇਹ ਆਵਾਜ਼ ਬੁਲੰਦ ਨਹੀਂ ਕੀਤੀ।ਪੰਜਾਬ ਦੇ ਸਿਆਸਤਦਾਨ ਵੀ ਵਾਹਗਾ ਬਾਰਡਰ ਖੋਲ੍ਹੇ ਜਾਣ ਦੀ ਕਦੇ ਵਕਾਲਤ ਨਹੀਂ ਕਰਦੇ ਅਤੇ ਮੌਜੂਦਾ ਹਕੂਮਤ ਵੀ ਇਸ ਏਜੰਡੇ ਤੋਂ ਪਾਸਾ ਵੱਟ ਗਈ ਹੈ। ਕਿਰਤੀ ਕਿਸਾਨ ਯੂਨੀਅਨ ਨੇ ਅਟਾਰੀ-ਵਾਹਗਾ ਅਤੇ ਹੁਸੈਨੀਵਾਲਾ ਸੜਕੀ ਲਾਂਘਾ ਖੋਲ੍ਹਣ ਲਈ ਇੱਕ ਮੁਹਿੰਮ ਵਿੱਢੀ ਹੈ। ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਤੇ ਜਨਰਲ ਸਕੱਤਰ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਦੱਸਿਆ ਕਿ 18 ਸਤੰਬਰ ਨੂੰ ਅਟਾਰੀ ਅਤੇ 20 ਸਤੰਬਰ ਨੂੰ ਹੁਸੈਨੀਵਾਲਾ ਵਿੱਚ ਵੱਡੀਆਂ ਕਾਨਫ਼ਰੰਸਾਂ ਕੀਤੀਆਂ ਜਾਣਗੀਆਂ।ਉਨ੍ਹਾਂ ਦੱਸਿਆ ਕਿ 20 ਸਤੰਬਰ ਨੂੰ ਪਟਿਆਲਾ, ਸੰਗਰੂਰ, ਲੁਧਿਆਣਾ, ਜਲੰਧਰ, ਹੁਸ਼ਿਆਰਪੁਰ ਤੇ ਨਵਾਂ ਸ਼ਹਿਰ ਵਿੱਚ ਵੀ ਕਾਨਫ਼ਰੰਸਾਂ ਕੀਤੀਆਂ ਜਾਣਗੀਆਂ। ਉਨ੍ਹਾਂ ਮੰਗ ਕੀਤੀ ਕਿ ਕਿਸਾਨਾਂ ਨੂੰ ਸੜਕੀ ਰਸਤੇ ਆਪਣੀ ਉਪਜ



ਪਾਕਿਸਤਾਨ ਤੱਕ ਵੇਚਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ ਅਤੇ ਵੀਜ਼ਾ ਸ਼ਰਤਾਂ ਖ਼ਤਮ ਹੋਣੀਆਂ ਚਾਹੀਦੀਆਂ ਹਨ।ਦੇਖਿਆ ਜਾਵੇ ਤਾਂ ਕਿਸੇ ਵੇਲੇ ਪਾਕਿਸਤਾਨ ਨਾਲ 350 ਵਸਤਾਂ ਦਾ ਵਪਾਰ ਹੁੰਦਾ ਸੀ, ਪਰ ਪੁਲਵਾਮਾ ਘਟਨਾ ਮਗਰੋਂ ਭਾਰਤ-ਪਾਕਿ ਵਪਾਰ ਪੂਰੀ ਤਰ੍ਹਾਂ ਠੱਪ ਪਿਆ ਹੈ।

**ਵਪਾਰ ਸ਼ੁਰੂ ਹੋਣ ਨਾਲ ਕਿਸਾਨੀ ਨੂੰ ਹੋਵੇਗਾ ਲਾਭ**

ਵਾਹਗਾ ਬਾਰਡਰ ਖੁੱਲ੍ਹਦਾ ਹੈ ਤਾਂ ਇਸ ਨਾਲ ਵੱਡਾ ਫ਼ਾਇਦਾ ਉੱਤਰੀ ਭਾਰਤ ਨੂੰ ਹੋਣਾ ਹੈ ਅਤੇ ਪੰਜਾਬ ਦੀ ਕਿਸਾਨੀ ਨੂੰ ਇਸ ਦਾ ਲਾਹਾ ਵੀ ਮਿਲੇਗਾ। ਪੰਜਾਬ ਵਿੱਚ ਮੌਜੂਦਾ ਸਮੇਂ ਖੇਤੀ, ਰੁਜ਼ਗਾਰ ਤੇ ਉਦਯੋਗਾਂ ਦਾ ਸੰਕਟ ਹੈ। ਪੰਜਾਬ ਨਾਲ ਕੋਈ ਬੰਦਰਗਾਹ ਨਾ ਹੋਣਾ ਸਨਅਤੀ ਨਿਵੇਸ਼ ਵਿੱਚ ਵੱਡਾ ਅੜਿੱਕਾ ਹੈ। ਕੌਮਾਂਤਰੀ ਸੀਮਾ ਨਾਲ ਪੈਂਦੀ ਸਰਹੱਦੀ ਬੈਲਟ ਵਿੱਚ ਸਨਅਤੀ ਨਿਵੇਸ਼ ਦਾ ਸੋਕਾ ਹੈ। ਕਿਸਾਨ ਆਗੂ ਆਖਦੇ ਹਨ ਕਿ ਵਾਹਗਾ ਬਾਰਡਰ ਖੋਲ੍ਹੇ ਜਾਣ ਨੂੰ ਸਿਆਸੀ ਏਜੰਡਾ ਬਣਾ ਕੇ ਕੇਂਦਰ 'ਤੇ ਦਬਾਅ ਬਣਾਇਆ ਜਾਵੇ ਤਾਂ ਪੰਜਾਬ ਦੇ ਕਈ ਸੰਕਟਾਂ ਦਾ ਨਿਪਟਾਰਾ ਹੋ ਜਾਣਾ ਹੈ।

**ਪੰਜਾਬ ਦੇ ਲੋਕਾਂ ਨੂੰ ਆਵਾਜ਼ ਬੁਲੰਦ ਕਰਨ ਦਾ ਹੋਕਾ**

ਉੱਘੇ ਅਰਥਸ਼ਾਸਤਰੀ ਡਾ. ਰਣਜੀਤ ਸਿੰਘ ਘੁੰਮਣ ਆਖਦੇ ਹਨ ਕਿ ਸਿਆਸੀ ਲੀਡਰਸ਼ਿਪ ਦੀ ਨੀਅਤ ਵਿੱਚ ਖੋਟ ਹੋਣ ਕਰ ਕੇ ਵਾਹਗਾ ਬਾਰਡਰ ਖੋਲ੍ਹੇ ਜਾਣ ਦਾ ਏਜੰਡਾ ਕਦੇ ਕੇਂਦਰੀ ਥਾਂ ਨਹੀਂ ਲੈ ਸਕਿਆ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਪਾਕਿਸਤਾਨ ਨਾਲ ਸਿਰਫ਼ 25 ਫ਼ੀਸਦ ਵਪਾਰ ਹੀ ਹੁੰਦਾ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸਮੁੱਚੇ ਲੋਕਾਂ ਨੂੰ ਵਾਹਗਾ ਬਾਰਡਰ ਖੋਲ੍ਹੇ ਜਾਣ ਵਾਸਤੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।ਮਿਲੇ ਵੇਰਵਿਆਂ ਅਨੁਸਾਰ ਦੋਵੇਂ ਮੁਲਕਾਂ ਦੀ ਵੰਡ ਮਗਰੋਂ ਵੀ ਵਪਾਰ ਹੁੰਦਾ ਰਿਹਾ ਹੈ ਅਤੇ 1965 ਦੀ ਜੰਗ ਸਮੇਂ ਵਪਾਰ ਬੰਦ ਹੋਣ ਮਗਰੋਂ 1974 ਵਿੱਚ ਮੁੜ ਖੁੱਲ੍ਹ ਗਿਆ ਸੀ। ਵਿਸ਼ਵ ਬੈਂਕ ਦੀ ਇੱਕ ਰਿਪੋਰਟ ਅਨੁਸਾਰ ਭਾਰਤ-ਪਾਕਿ ਵਿੱਚ 38 ਅਰਬ ਡਾਲਰ ਦੇ ਵਪਾਰ ਦੀ ਸਮਰੱਥਾ ਹੈ, ਪਰ ਮੌਜੂਦਾ ਸਮੇਂ ਸਿਰਫ਼ ਤਿੰਨ ਅਰਬ ਡਾਲਰ ਦਾ ਵਪਾਰ ਹੀ ਹੋ ਰਿਹਾ ਹੈ।

BADH
26 Years Experience in Accounting
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC

Jasbir Singh Badh

Charlesworth
insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
ICBC autoplan
"For Fast, Friendly and Reliable Service!"

Phone: 604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com


Best Rates
ਵਿਆਹ ਦੇ ਕਾਰਡ
Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals
ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਤਨਮਨਜੀਤ ਸਿੰਘ ਢੇਸੀ ਦਾ ਇੰਗਲੈਂਡ ਦੀ ਰਾਜਨੀਤੀ ਵਿਚ ਉਭਾਰ, ਮਿਲੀ ਅਹਿਮ ਜ਼ਿੰਮੇਵਾਰੀ


ਬਰਤਾਨੀਆ ਵਿਚ ਮੁੱਖ ਵਿਰੋਧੀ ਪਾਰਟੀ ਸਰਕਾਰ ਦੇ ਮੰਤਰੀ ਮੰਡਲ ਦੇ ਮੁਕਾਬਲੇ ਆਪਣੇ ਪਾਰਲੀਮੈਂਟ ਮੈਂਬਰਾਂ ਦਾ ਸ਼ੈਡੋ ਮੰਤਰੀ ਮੰਡਲ ਬਣਾਉਂਦੀ ਹੈ ਜੋ ਆਪਣੇ-ਆਪਣੇ ਵਿਭਾਗਾਂ ਵਿਚ ਸਰਕਾਰ ਵਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ 'ਤੇ ਨਿਗ੍ਹਾ ਰੱਖਦੇ ਹਨ।



ਇਹ ਰਵਾਇਤ ਹੈ ਕਿ ਜਦੋਂ ਵਿਰੋਧੀ ਪਾਰਟੀ ਹਕੂਮਤ ਵਿਚ ਆਉਂਦੀ ਹੈ ਤਾਂ ਉਹ ਆਮ ਤੌਰ 'ਤੇ ਆਪਣੇ ਸ਼ੈਡੋ ਮੰਤਰੀ ਨੂੰ ਹੀ ਉਸੇ ਵਿਭਾਗ ਦਾ ਮੰਤਰੀ ਬਣਾ ਦਿੰਦੀ ਹੈ। ਬਰਤਾਨੀਆ ਦੇ ਪਹਿਲੇ ਸਿੱਖ ਦਸਤਾਰਧਾਰੀ ਮੈਂਬਰ ਪਾਰਲੀਮੈਂਟ ਢੇਸੀ ਪਿੱਛੇ ਜਿਹੇ ਭਾਰਤ ਆਏ ਸਨ, ਉਸ ਵੇਲੇ ਉਹ ਰੇਲਵੇ ਦੇ ਸ਼ੈਡੋ ਮੰਤਰੀ ਸਨ। ਪਰ ਭਾਰਤ ਵਿਚ ਉਨ੍ਹਾਂ ਨੂੰ ਅਣਗੌਲਿਆ ਹੀ ਨਹੀਂ ਕੀਤਾ ਗਿਆ ਸਗੋਂ ਕਿਸੇ ਮਾਮੂਲੀ ਤਕਨੀਕੀ ਗ਼ਲਤੀ ਦੇ ਆਧਾਰ 'ਤੇ ਕਰੀਬ ਦੋ ਘੰਟੇ ਹਵਾਈ ਅੱਡੇ 'ਤੇ ਰੋਕਿਆ ਵੀ ਗਿਆ। ਹੁਣ ਲੇਬਰ ਪਾਰਟੀ ਵਿਚ ਤਨਮਨਜੀਤ ਸਿੰਘ ਢੇਸੀ ਦਾ ਕੱਦ ਹੋਰ ਵੀ ਉੱਚਾ ਹੋ ਗਿਆ ਹੈ ਤੇ ਉਨ੍ਹਾਂ ਨੂੰ ਸ਼ੈਡੋ ਖਜ਼ਾਨਾ ਮੰਤਰੀ ਬਣਾ ਦਿੱਤਾ ਗਿਆ ਹੈ।ਢੇਸੀ ਨੇ ਫੇਸਬੁੱਕ 'ਤੇ ਪੋਸਟ ਸਾਂਝੀ ਕਰਦਿਆਂ ਕਿਹਾ ਹੈ ਕਿ ਕੀਰ ਸਟਾਰਮਰ ਨੇ ਮੈਨੂੰ ਆਪਣੇ ਫਰੰਟਬੈਂਚ ਵਿਚ ਜਾਰੀ ਰੱਖਣ ਦਾ ਫ਼ੈਸਲਾ ਲੈਂਦਿਆਂ ਸਾਡੀ ਅਗਲੀ ਚਾਂਸਲ ਰੇਚਲ ਰੀਵਜ਼ ਨਾਲ ਖਜ਼ਾਨੇ ਦੇ ਸ਼ੈਡੋ ਐਕਸਚੈਕਰ ਸੈਕਟਰੀ ਵਜੋਂ ਜੁੜਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਅਰਥ ਸ਼ਾਸਤਰ ਏ-ਪੱਧਰ, ਗਣਿਤ ਦੀ ਡਿਗਰੀ, ਅਪਲਾਈਡ ਸਟੈਟਿਸਟਿਕਸ ਵਿਚ ਮਾਸਟਰਸ, ਅਤੇ ਆਪਣਾ ਕਾਰੋਬਾਰ ਸ਼ੁਰੂ ਕਰਨ ਅਤੇ ਚਲਾਉਣ ਦੇ ਨਾਲ, ਮੈਂ ਉਸ ਸਬੰਧਿਤ ਗਿਆਨ ਅਤੇ ਜੀਵਨ ਦੇ ਅਨੁਭਵ ਨੂੰ ਆਪਣੀ ਨਵੀਂ ਭੂਮਿਕਾ ਵਿਚ ਲਾਗੂ ਕਰਨ ਦੀ ਕੋਸ਼ਿਸ਼ ਕਰਾਂਗਾ। ਇਕ ਚੋਟੀ ਦੀ ਪ੍ਰਤਿਭਾਸ਼ਾਲੀ ਖਜ਼ਾਨਾ ਟੀਮ ਵਿਚ ਕੰਮ ਕਰਨ ਲਈ ਉਤਸ਼ਾਹਤ ਹਾਂ।

ਭਾਵ ਜਿਵੇਂ ਦੇ ਅਸਾਰ ਹਨ ਜੇਕਰ ਲੇਬਰ ਪਾਰਟੀ ਸੱਤਾ ਵਿਚ ਆਈ ਤਾਂ ਢੇਸੀ ਬਰਤਾਨੀਆ ਦੇ ਖਜ਼ਾਨਾ ਮੰਤਰੀ ਬਣ ਸਕਦੇ ਹਨ। ਅਜਿਹੀ ਸੰਭਾਵਨਾ ਵਾਲਾ ਨੇਤਾ ਜਦੋਂ ਭਾਰਤ ਵਿਚ ਆਉਂਦਾ ਹੈ ਤਾਂ ਚਾਹੀਦਾ ਤਾਂ ਇਹ ਹੈ ਕਿ ਭਾਰਤ ਸਰਕਾਰ ਉਸ ਦੀ ਚੰਗੀ ਆਓ-ਭਗਤ ਕਰੇ ਤੇ ਜਦੋਂ ਉਹ ਸੱਤਾ ਵਿਚ ਆਵੇ ਤਾਂ ਵਿਸ਼ਵ ਰਾਜਨੀਤੀ ਵਿਚ ਭਾਰਤ ਨੂੰ ਫਾਇਦਾ ਹੋ ਸਕੇ। ਪਰ ਪਤਾ ਨਹੀਂ ਕਿਉਂ ਮੋਦੀ ਸਰਕਾਰ ਇਨ੍ਹਾਂ ਗੱਲਾਂ ਦੀ ਪ੍ਰਵਾਹ ਨਹੀਂ ਕਰਦੀ। ਪਹਿਲਾਂ ਪੰਜਾਬੀਆਂ ਤੇ ਸਿੱਖਾਂ ਦੇ ਹਮਦਰਦ ਸਮਝੇ ਜਾਂਦੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਵੀ ਕਾਫੀ ਅਣਗੌਲਿਆ ਗਿਆ ਸੀ, ਜਿਸ ਕਾਰਨ ਭਾਰਤ ਕੈਨੇਡੀਅਨ ਮੰਤਰੀ ਮੰਡਲ ਵਿਚ ਕਈ ਭਾਰਤੀ ਮੰਤਰੀ ਹੋਣ ਦਾ ਭਾਰਤ-ਕੈਨੇਡਾ ਸੰਬੰਧਾਂ ਵਿਚ ਭਾਰਤ ਕੋਈ ਲਾਭ ਨਹੀਂ ਲੈ ਸਕਿਆ। ਅਜੇ ਤਕ ਭਾਰਤ ਦੀ ਕੈਨੇਡਾ ਨਾਲ ਤਾਣੀ ਉਲਝੀ ਹੋਈ ਹੈ।ਇਹ ਕਿਵੇਂ ਹੋ ਸਕਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਅਨੁਸਾਰ ਵਿਸ਼ਵ ਦੀ ਸਿਆਸਤ ਚਲੇ।

# ਮੈਕਸੀਕੋ ਨਾਲ ਲਗਦੀ ਸਰਹੱਦ ਰਸਤੇ ਗੈਰਕਾਨੂੰਨੀ ਪ੍ਰਵਾਸੀਆਂ ਦੇ ਅਮਰੀਕਾ ਵਿਚ ਦਾਖਲੇ ਨੂੰ ਰੋਕਣ ਲਈ ਦਰਿਆ ਵਿਚ ਲਾਈਆਂ ਰੋਕਾਂ ਹਟਾਉਣ ਦੇ ਆਦੇਸ਼



ਸੈਕਰਾਮੈਂਟੋ- ਇਕ ਸੰਘੀ ਅਦਾਲਤ ਨੇ ਟੈਕਸਾਸ ਦੇ ਗਵਰਨਰ ਗਰੇਗ ਅਬੋਟ ਤੇ ਟੈਕਸਾਸ ਰਾਜ ਨੂੰ ਆਦੇਸ਼ ਦਿੱਤਾ ਹੈ ਕਿ ਮੈਕਸੀਕੋ ਨਾਲ ਲੱਗਦੀ ਸਰਹੱਦ ਰਾਹੀਂ ਗੈਰ ਕਾਨੂੰਨੀ ਪ੍ਰਵਾਸੀਆਂ ਦੇ ਅਮਰੀਕਾ ਵਿਚ ਦਾਖਲੇ ਨੂੰ ਰੋਕਣ ਲਈ ਰੀਓ ਗਰਾਂਡੇ ਦਰਿਆ ਵਿਚ ਲਾਈਆਂ ਤੈਰਦੀਆਂ ਰੋਕਾਂ ਨੂੰ ਘੱਟੋ ਘੱਟ ਆਰਜੀ ਤੌਰ 'ਤੇ ਹਟਾ ਲਿਆ ਜਾਵੇ। ਇਸ ਨੂੰ ਬਾਈਡਨ ਪ੍ਰਸ਼ਾਸਨ ਦੀ ਜਿੱਤ ਮੰਨਿਆ ਜਾ ਰਿਹਾ ਹੈ। ਸੀਨੀਅਰ ਯੂ ਐਸ ਜੱਜ ਡੇਵਿਡ ਐਲਨ ਈਜ਼ਰਾ ਨੇ ਆਪਣੇ 42 ਸਫਿਆਂ ਦੇ ਆਦੇਸ਼ ਵਿਚ ਕਿਹਾ ਹੈ ਕਿ ਅਮਰੀਕੀ ਨਿਆਂ ਵਿਭਾਗ ਗੁਣਾਂ ਦੋਸ਼ਾਂ ਦੇ ਆਧਾਰ 'ਤੇ ਫੈਸਲਾ ਲੈਣ ਵਿੱਚ ਸਫਲ ਹੋਵੇਗਾ। ਜੱਜ ਨੇ ਇਹ ਫੈਸਲਾ ਦਰਿਆ ਵਿਚ ਲਾਈਆਂ ਰੋਕਾਂ ਦੇ ਮਾਮਲੇ ਵਿੱਚ ਗਵਰਨਰ ਅਬੋਟ ਤੇ ਟੈਕਸਾਸ ਰਾਜ ਖਿਲਾਫ ਜੁਲਾਈ ਵਿਚ ਦਾਇਰ ਕੀਤੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੁਣਾਇਆ। ਜੱਜ ਨੇ ਕਿਹਾ ਕਿ ਦਰਿਆ ਵਿਚ ਲਾਈਆਂ ਤੈਰਦੀਆਂ ਰੋਕਾਂ ਸਮੁੰਦਰੀ ਕਿਸ਼ਤੀਆਂ ਦੇ ਰਾਹ ਵਿਚ ਰੁਕਾਵਟ ਹਨ ਤੇ ਇਨਾਂ ਰੋਕਾਂ ਨੂੰ ਲਾਉਣ ਲਈ ਅਮਰੀਕੀ ਕਾਂਗਰਸ ਕੋਲੋਂ ਮਨਜ਼ੂਰੀ ਲੈਣੀ ਪਵੇਗੀ। ਗਵਰਨਰ ਨੇ ਈਗਲ ਲਾਂਘੇ ਨੇੜੇ ਕੌਮਾਂਤਰੀ ਰੀਓ ਗਰਾਂਡੇ ਦਰਿਆ ਵਿਚ ਇਹ ਰੋਕਾਂ ਲਾਉਣ ਦਾ ਆਦੇਸ਼ ਦਿੱਤਾ ਸੀ ਤਾਂ ਜੋ ਬਿਨਾਂ ਕਾਨੂੰਨੀ ਅਧਿਕਾਰ ਦੇ ਟੈਕਸਾਸ ਵਿਚ ਦਾਖਲ ਹੁੰਦੇ ਪ੍ਰਵਾਸੀਆਂ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਿਆ ਜਾ ਸਕੇ। ਅਦਾਲਤ ਦੇ ਫੈਸਲੇ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਅਬੋਟ ਨੇ ਕਿਹਾ ਹੈ ਕਿ ਉਹ ਇਸ ਵਿਰੁੱਧ ਅਪੀਲ ਦਾਇਰ ਕਰਨਗੇ।ਉਨਾਂ ਕਿਹਾ ਕਿ ਅਦਾਲਤ ਦਾ ਨਿਰਨਾ ਰਾਸ਼ਟਰਪਤੀ ਬਾਈਡਨ ਦੀ ਟੈਕਸਾਸ ਦੁਆਰਾ ਚੁੱਕੇ ਜਾ ਰਹੇ ਦਰੁਸਤ ਕਦਮਾਂ ਨੂੰ ਮਾਨਤਾ ਨਾ ਦੇਣ ਦੀ ਕੋਸ਼ਿਸ਼ ਦੇ ਹੱਕ ਵਿਚ ਭੁਗਤੇਗਾ। ਇਹ ਫੈਸਲਾ ਸਹੀ ਨਹੀਂ ਹੈ ਤੇ ਇਸ ਨੂੰ ਰੱਦ ਕਰਵਾਉਣ ਲਈ ਉਹ ਅਪੀਲ ਦਾਇਰ ਕਰਨਗੇ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜ਼ਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਜਨਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141

#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਜੀ-20 ਵਿਚ ਬਾਹਰਲੇ ਮੁਲਕਾਂ ਵਿਚ ਵਸਣ ਵਾਲੇ ਸਿਰਕੱਢ ਸਿੱਖਾਂ ਨੂੰ ਇੰਡੀਅਨ ਏਜੰਸੀਆ ਵੱਲੋਂ ਮਾਰ ਦੇਣ ਦੀਆਂ ਸਾਜਿਸ਼ਾਂ ਸੰਬੰਧੀ ਕੋਈ ਗੱਲ ਨਾ ਕਰਨਾ ਅਤਿ ਅਫ਼ਸੋਸਨਾਕ:ਮਾਨ

ਨਵੀਂ ਦਿੱਲੀ- "ਜੀ-20 ਮੁਲਕਾਂ ਦੀ ਬੀਤੇ ਕੁਝ ਦਿਨ ਪਹਿਲੇ ਦਿੱਲੀ ਵਿਖੇ ਹੋਈ ਇਕੱਤਰਤਾ ਵਿਚ ਹਰ ਸਟੇਟ ਦੇ ਨਿਵਾਸੀਆ ਦੀ ਧਾਰਮਿਕ ਆਜ਼ਾਦੀ ਨੂੰ ਸੁਰੱਖਿਅਤ ਰੱਖਣ ਲਈ ਇਕ ਪਾਸ ਕੀਤਾ ਗਿਆ ਮਤਾ ਬਹੁਤ ਹੀ ਪ੍ਰਸ਼ੰਸਾਯੋਗ ਉਦਮ ਹੈ ਅਤੇ ਹੋਰ ਵੀ ਕਈ ਚੰਗੀਆਂ ਗੱਲਾਂ ਹੋਈਆ ਹਨ।ਪਰ ਜੋ ਜ਼ਮਹੂਰੀਅਤ ਕਦਰਾਂ-ਕੀਮਤਾਂ ਨੂੰ ਇੰਡੀਆ ਵਿਚ ਬਹਾਲ ਰੱਖਣ ਕਰਨ ਲਈ ਜਾਂ ਵੱਖ-ਵੱਖ ਮੁਲਕਾਂ ਵਿਚ ਵੱਸਦੇ ਸਿਰਕੱਢ ਸਿੱਖਾਂ ਨੂੰ ਇੰਡੀਅਨ ਏਜੰਸੀਆਂ ਵੱਲੋਂ ਮਾਰ ਦੇਣ ਦੀਆਂ ਸਾਜਿਸਾਂ ਅਤੇ ਹੋ ਰਹੇ ਕਤਲਾਂ ਸੰਬੰਧੀ ਜੀ-20 ਮੁਲਕਾਂ ਵੱਲੋਂ ਕੋਈ ਵੀ ਇਨਸਾਨੀਅਤ ਪੱਖੀ ਉਦਮ ਨਾ ਕਰਨਾ ਅਤਿ ਅਫ਼ਸੋਸਨਾਕ ਹੈ। ਜਦੋਕਿ ਇਹ ਦੋਵੇ ਜ਼ਮਹੂਰੀਅਤ ਬਹਾਲੀ ਅਤੇ ਮਨੁੱਖੀ ਜਿੰਦਗਾਨੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇਸ ਮੁਲਕਾਂ ਦੀ ਮੀਟਿੰਗ ਵਿਚ ਸੰਜ਼ੀਦਗੀ ਨਾਲ ਵਿਚਾਰ ਵੀ ਹੋਣਾ ਚਾਹੀਦਾ ਸੀ ਅਤੇ ਕੌਮਾਂਤਰੀ ਪੱਧਰ ਤੇ ਮਤਾ ਵੀ ਪਾਸ ਹੋਣਾ ਚਾਹੀਦਾ ਸੀ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਜੀ-20 ਮੁਲਕਾਂ ਦੀ ਦਿੱਲੀ ਵਿਖੇ ਹੋਈ ਇਕੱਤਰਤਾ ਵਿਚ ਧਾਰਮਿਕ ਆਜ਼ਾਦੀ ਦੇ ਵਿਸ਼ੇ ਉਤੇ ਸਰਬਸੰਮਤੀ ਨਾਲ ਇਸਨੂੰ ਕਾਇਮ ਰੱਖਣ ਲਈ ਪਾਸ ਕੀਤੇ ਗਏ ਮਤੇ ਦਾ ਸਵਾਗਤ ਕਰਦੇ ਹੋਏ ਅਤੇ ਨਾਲ ਹੀ ਇੰਡੀਆ ਵਿਚ ਹੁਕਮਰਾਨਾਂ ਵੱਲੋਂ ਜ਼ਮਹੂਰੀਅਤ ਕਦਰਾਂ-ਕੀਮਤਾਂ ਦਾ ਨਿਰੰਤਰ ਕੀਤਾ ਜਾਂਦਾ ਆ ਰਿਹਾ ਘਾਣ ਅਤੇ ਬਾਹਰਲੇ ਮੁਲਕਾਂ ਵਿਚ ਵੱਸਣ ਵਾਲੇ ਸਿਰਕੱਢ ਸਿੱਖਾਂ ਨੂੰ ਇੰਡੀਅਨ ਏਜੰਸੀਆ ਵੱਲੋ ਮਾਰ ਦੇਣ ਦੀਆਂ ਸਾਜਿਸਾਂ ਸੰਬੰਧੀ ਕੋਈ ਗੱਲ ਨਾ ਕਰਨਾ ਅਤਿ ਅਫ਼ਸੋਸਨਾਕ ਅਤੇ ਮਨੁੱਖੀ ਹੱਕਾਂ ਦੀ ਰਾਖੀ ਨਾ ਕਰਨਾ ਕਰਾਰ ਦਿੰਦੇ ਹੋਏ ਜੋਰਦਾਰ ਰੋਸ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਜਦੋ ਅਮਰੀਕਾ ਨੇ ਪ੍ਰਤੱਖ ਤੌਰ ਤੇ ਕਹਿ ਦਿੱਤਾ ਹੈ ਕਿ ਉਨ੍ਹਾਂ ਦੇ ਮੁਲਕ ਵਿਚ ਕਿਸੇ ਵੀ ਸਿੱਖ ਜਾਂ ਹੋਰ ਘੱਟ ਗਿਣਤੀ ਕੌਮ ਨਾਲ ਸੰਬੰਧਤ ਇਨਸਾਨ ਨੂੰ ਸਾਜਸੀ ਢੰਗਾਂ ਰਾਹੀ ਕਤਲ ਕਰਨ ਦੀ ਕਿਸੇ ਨੂੰ ਇਜਾਜਤ ਨਹੀ ਦਿੱਤੀ ਜਾਵੇਗੀ, ਫਿਰ ਉਪਰੋਕਤ ਜੀ-20 ਮੁਲਕਾਂ ਦੀ ਮੀਟਿੰਗ ਵਿਚ ਅਜਿਹੀਆ ਹਕੂਮਤੀ ਸਾਜਿਸਾਂ ਦਾ ਅੰਤ ਕਰਨ ਲਈ ਮਤਾ ਕਿਉਂ ਨਾ ਪਾਸ ਕੀਤਾ ਗਿਆ? ਜਦੋਕਿ ਇਸ ਗੰਭੀਰ ਮੁੱਦੇ ਉਤੇ ਸੰਜ਼ੀਦਗੀ ਨਾਲ ਗੱਲ ਕਰਦੇ ਹੋਏ ਇਨਸਾਨੀ ਜਿੰਦਗਾਨੀਆਂ ਦੀ ਹਰ ਪੱਖੋ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਮੁਲਕਾਂ ਵੱਲੋ ਸਮੂਹਿਕ ਤੌਰ ਤੇ ਅਮਲ ਹੋਣਾ ਅਤਿ ਜ਼ਰੂਰੀ ਸੀ।



ਦੂਸਰਾ ਜੋ ਜਮਹੂਰੀਅਤ ਕਦਰਾਂ-ਕੀਮਤਾਂ ਨੂੰ ਇਨ੍ਹਾਂ ਸਭ ਮੁਲਕਾਂ ਵੱਲੋ ਕਾਇਮ ਰੱਖਣ ਦੀ ਗੱਲ ਹੋਣੀ ਚਾਹੀਦੀ ਸੀ ਉਹ ਵੀ ਨਹੀ ਕੀਤੀ ਗਈ। ਇੰਡੀਆਂ ਇਕ ਜ਼ਮਹੂਰੀਅਤ ਪਸ਼ੰਦ ਮੁਲਕ ਹੈ, ਇਸਦੇ ਵਿਧਾਨ ਦੀ ਧਾਰਾ 21 ਇਥੋ ਦੇ ਹਰ ਨਾਗਰਿਕ ਨੂੰ ਜਿੰਦਗੀ ਜਿਊਂਣ ਅਤੇ ਉਸਦੀ ਹਰ ਖੇਤਰ ਵਿਚ ਆਜਾਦੀ ਨੂੰ ਬਰਕਰਾਰ ਰੱਖਣ ਦੀ ਜੋਰਦਾਰ ਗੱਲ ਕਰਦੀ ਹੈ । ਪਰ ਬੀਤੇ ਸਮੇ ਵਿਚ ਇਥੇ ਅਫਸਪਾ ਵਰਗੇ ਜ਼ਾਬਰ ਕਾਲੇ ਕਾਨੂੰਨ ਲਾਗੂ ਕਰਕੇ ਕਸ਼ਮੀਰੀ ਨੌਜਵਾਨਾਂ ਨੂੰ ਅਗਵਾਹ ਕਰਨ, ਉਨ੍ਹਾਂ ਉਤੇ ਤਸੱਦਦ ਕਰਕੇ ਲੱਤ ਬਾਂਹ ਤੋੜਨ, ਉਨ੍ਹਾਂ ਨਾਲ ਜ਼ਬਰ ਜ਼ਨਾਹ ਕਰਨ ਜਾਂ ਉਨ੍ਹਾਂ ਨੂੰ ਮਾਰ ਦੇਣ ਦੀ ਫੋਰਸਾਂ ਨੂੰ ਖੁੱਲ੍ਹ ਦਿੱਤੀ ਗਈ।ਜੋ ਕਿ ਕੌਮਾਂਤਰੀ ਕਾਨੂੰਨਾਂ, ਨਿਯਮਾਂ ਦਾ ਘੋਰ ਉਲੰਘਣ ਕਰਨ ਅਤੇ ਯੂ.ਐਨ. ਵਰਗੀ ਕੌਮਾਂਤਰੀ ਸੰਸਥਾਂ, ਅਮਨੈਸਟੀ ਇੰਟਰਨੈਸਨਲ, ਏਸੀਆ ਵਾਚ ਹਿਊਮਰਨਾਈਟਸ ਅਤੇ ਹੋਰ ਕੌਮਾਂਤਰੀ ਪੱਧਰ ਦੀਆਂ ਮਨੁੱਖੀ ਅਧਿਕਾਰ ਜਥੇਬੰਦੀਆਂ ਦੇ ਸਿਧਾਤਾਂ ਤੇ ਨਿਯਮਾਂ ਦਾ ਕਤਲ ਕਰਨ ਦੇ ਤੁੱਲ ਕਾਰਵਾਈਆ ਕੀਤੀਆ ਗਈਆ ਹਨ ਅਤੇ ਅੱਜ ਵੀ ਜਾਰੀ ਹਨ। ਇਸ ਉਤੇ ਇਸ ਮੀਟਿੰਗ ਵਿਚ ਕੋਈ ਅਮਲ ਨਾ ਹੋਣਾ ਵੀ ਜੀ-20 ਮੁਲਕਾਂ ਦੀ ਇਕੱਤਰਤਾ ਦੀ ਇਕ ਵਿਸੇਸ ਅਸਫਲਤਾ ਜਾਹਰ ਕਰਦੀ ਹੈ।ਜੋ ਧਾਰਮਿਕ ਆਜਾਦੀ ਦੀ ਗੱਲ ਆਈ ਹੈ, ਫਿਰ ਕਰਨਾਟਕਾ ਵਰਗੇ ਸੂਬੇ ਵਿਚ ਘੱਟ ਗਿਣਤੀ ਮੁਸਲਿਮ ਕੌਮ ਦੀਆਂ ਬੀਬੀਆਂ ਨੂੰ ਹਿਜਾਬ ਪਹਿਨਣ ਉਤੇ ਰੋਕ ਲਗਾਕੇ ਇਸ ਧਾਰਮਿਕ ਆਜਾਦੀ ਦੇ ਨਿਯਮਾਂ ਦਾ ਉਲੰਘਣ ਕਿਸ ਬਿਨ੍ਹਾਂ ਤੇ ਕਰ ਰਹੇ ਹਨ ? ਫਿਰ ਹੁਣੇ ਹੀ ਪਾਰਲੀਮੈਂਟ ਦੇ ਹੋਏ ਸੈਸਨ ਵਿਚ ਕੁਝ ਸਿੱਖਾਂ ਨੇ ਇਸ ਹਾਊਸ ਦੀ ਕਾਰਵਾਈ ਨੂੰ ਵੇਖਣ ਲਈ ਪ੍ਰਵਾਨਗੀ ਲੈਂਦੇ ਹੋਏ ਦਾਖਲਾ ਕੀਤਾ ਸੀ । ਸਾਨੂੰ ਪਤਾ ਲੱਗਾ ਹੈ ਕਿ ਪਾਰਲੀਮੈਂਟ ਦੇ ਸੁਰੱਖਿਆ ਗਾਰਡਾਂ ਨੇ ਇਨ੍ਹਾਂ ਸਿੱਖਾਂ ਦੀ ਬਤੌਰ ਧਾਰਮਿਕ ਚਿੰਨ੍ਹ ਦੇ ਪਹਿਨੀ ਹੋਈ 3 ਇੰਚੀ ਸ੍ਰੀ ਸਾਹਿਬ ਨੂੰ ਲਾਹ ਕੇ ਅੰਦਰ ਜਾਣ ਦੀ ਗੱਲ ਕੀਤੀ।ਪਰ ਸਿਰੜੀ ਸਿੱਖਾਂ ਨੇ ਆਪਣੇ ਸਿੱਖੀ ਨਿਯਮ ਨੂੰ ਨਾ ਛੱਡਣ ਦੀ ਗੱਲ ਕਰਕੇ ਚੰਗਾ ਕੀਤਾ ਹੈ, ਪਰ ਸਿੱਖਾਂ ਨੂੰ ਇਸ ਤਰ੍ਹਾਂ ਵੱਖ-ਵੱਖ ਪਲੇਟਫਾਰਮਾਂ ਤੇ ਜ਼ਲੀਲ ਕਿਉਂ ਕੀਤਾ ਜਾ ਰਿਹਾ ਹੈ?


ਲਰਨਿੰਗ ਲਾਇਸੈਂਸ

A to Z DRIVING SCHOOL

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ
11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

*16 ਸਤੰਬਰ ਦਿਨ ਸ਼ਨਿਚਰਵਾਰ ਸਵੇਰੇ ਭਾਈ ਗੁਰਪ੍ਰੀਤ ਸਿੰਘ ਲਾਲੀ ਪਰਿਵਾਰ ਵੱਲੋਂ ਬੱਚੀ ਜਸਮਨ ਕੌਰ ਦੇ 16ਵੇਂ ਜਨਮ ਦਿਨ ਤੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

**16 ਸਤੰਬਰ ਦਿਨ ਸ਼ਨਿਚਰਵਾਰ ਭਾਈ ਪਿੰਦਰਪਾਲ ਸਿੰਘ ਜੀ ਉਚੇਚੇ ਤੌਰ ਤੇ ਪਹੁੰਚ ਰਹੇ ਜੋ ਸਵੇਰੇ 10 ਤੋਂ 11.30 ਵਜੇ ਤੱਕ ਕਥਾ ਕਰਨਗੇ।ਉਪਰੰਤ ਭਾਈ ਜਗਰੂਪ ਸਿੰਘ ਜਵੱਦੀ ਟਕਸਾਲ ਵਾਲੇ ਗੁਰਬਾਣੀ ਕੀਰਤਨ ਕਰਨਗੇ।**

16 ਸਤੰਬਰ ਦਿਨ ਸ਼ਨਿਚਰਵਾਰ ਸ਼ਾਮ ਨੂੰ ਡਾ. ਕਮਲਜੀਤ ਸਿੰਘ ਸੇਖੋਂ ਪਰਿਵਾਰ ਵੱਲੋਂ ਮਾਤਾ ਮਨਜੀਤ ਕੌਰ ਜੀ ਦੀ ਸਲਾਨਾ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ, ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*17 ਸਤੰਬਰ ਦਿਨ ਐਤਵਾਰ ਸ਼ਾਮ ਨੂੰ ਸੁਖਮਨੀ ਸਾਹਿਬ ਦੇ ਪਾਠ ਬੀਬੀ ਤੇਜਬੀਰ ਕੌਰ ਪਰਿਵਾਰ ਵੱਲੋਂ ਬੱਚੀ ਦੇ ਵਿਆਹ ਦੀ ਖੁਸ਼ੀ ਵਿਚ ਕਰਵਾਏ ਜਾਣਗੇ।

**ਰਾਗੀ ਜੱਥੇ**
ਭਾਈ ਜਗਰੂਪ ਸਿੰਘ ਜੀ
ਜਵੱਦੀ ਕਲਾਂ ਵਾਲਿਆਂ ਦਾ ਜਥਾ

**ਕਥਾਵਾਚਕ**
ਭਾਈ ਜਸਬੀਰ ਸਿੰਘ
ਲੁਧਿਆਣਾ ਵਾਲੇ

**ਤਬਲਾ ਸਿੱਖਣ ਲਈ ਸੰਪਰਕ ਕਰੋ:**
604-413-7171

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ

ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਲਵਾਰਸ-ਬੇਘਰ ਮਰੀਜ਼ਾਂ ਦੀ ਸੇਵਾ-ਸੰਭਾਲ ਕਰਨ ਵਾਲੇ ਡਾ. ਮਾਂਗਟ ਪਹੁੰਚ ਰਹੇ ਨੇ ਸਰੀ


ਬੋਲਣ ਤੇ ਉੱਠਣ-ਬੈੱਠਣ ਤੋਂ ਅਸਮਰੱਥ ਲਵਾਰਸ ਬੱਚੇ ਨੂੰ ਵੀਲਚੇਅਰ 'ਤੇ ਲੈ ਕੇ ਜਾ ਰਹੇ ਡਾ. ਮਾਂਗਟ

ਲੁਧਿਆਣਾ ਜ਼ਿਲ੍ਹਾ ਦੇ ਪਿੰਡ ਸਰਾਭਾ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ (ਰਿਜ. ਚੈਰੀਟੇਬਲ) ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਸੰਗਤਾਂ ਨਾਲ ਵਿਚਾਰ ਸਾਂਝੇ ਕਰਨ ਲਈ 15 ਸਤੰਬਰ (ਸ਼ਾਮ) ਤੋਂ 19 ਸਤੰਬਰ (ਦੁਪਿਹਰ) ਤੱਕ ਸਿੰਘ ਸਭਾ ਗੁਰਦੁਆਰਾ ਸਰੀ ਵਿਖੇ ਪਹੁੰਚ ਰਹੇ ਹਨ। ਸਾਬਕਾ ਪ੍ਰੋਫ਼ੈਸਰ ਤੇ ਸਾਇੰਸਦਾਨ ਡਾ. ਮਾਂਗਟ ਨੇ ਕਈ ਸਾਲ ਸਾਈਕਲ ਤੇ ਫਿਰ ਕੇ ਲੁਧਿਆਣਾ ਸ਼ਹਿਰ 'ਚ ਸੜਕਾਂ ਕੰਢੇ ਪਏ ਬਿਮਾਰੀਆਂ ਨਾਲ ਪੀੜਤ ਸੈਂਕੜੇ ਹੀ ਲਵਾਰਸਾਂ, ਅਪਾਹਜਾਂ ਤੇ ਗ਼ਰੀਬਾਂ ਦਾ ਮੁਫ਼ਤ ਇਲਾਜ ਕਰਵਾਇਆ। ਫਿਰ ਅਜਿਹੇ ਬੇਸਹਾਰਿਆਂ ਦੇ ਰਹਿਣ ਅਤੇ ਸੇਵਾ-ਸੰਭਾਲ ਵਾਸਤੇ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਅਮਰਦਾਸ ਅਪਾਹਜ ਆਸ਼ਰਮ ਤਿਆਰ ਕਰਵਾਇਆ।

ਡਾ. ਨੌਰੰਗ ਸਿੰਘ ਮਾਂਗਟ ਨੇ ਦੱਸਿਆ ਕਿ ਇਸ ਆਸ਼ਰਮ ਵਿੱਚ ਦੋ ਸੌ (200) ਦੇ ਕਰੀਬ ਲਵਾਰਸ, ਬੇਘਰ, ਬੇਸਹਾਰਾ, ਅਪਾਹਜ, ਨੇਤਰਹੀਣ, ਬਿਮਾਰੀਆਂ ਨਾਲ ਪੀੜਤ ਅਤੇ ਦਿਮਾਗੀ ਸੰਤੁਲਨ ਗੁਆ ਚੁੱਕੇ ਮਰੀਜ਼ ਰਹਿੰਦੇ ਹਨ। ਸਵਾ ਸੌ ਦੇ ਕਰੀਬ ਮਰੀਜ਼ਾਂ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ। ਇਹਨਾਂ 'ਚੋਂ ਜ਼ਿਆਦਾਤਰ ਮਰੀਜ਼ ਆਪਣਾ ਨਾਓਂ ਤੇ ਪਰਿਵਾਰ ਵਾਰੇ ਦੱਸਣ ਤੋਂ ਵੀ ਅਸਮਰੱਥ ਹਨ। ਅੱਸੀ ਦੇ ਕਰੀਬ ਅਜਿਹੇ ਮਰੀਜ਼ ਹਨ ਜਿਹੜੇ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕੱਪੜਿਆਂ ਵਿੱਚ ਹੀ ਕਰਦੇ ਹਨ। ਇਹਨਾਂ ਸਾਰੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਗੁਰੂ ਦਾ ਲੰਗਰ, ਕੱਪੜੇ ਆਦਿ ਹਰ ਵਸਤੂ ਮੁਫ਼ਤ ਮਿਲਦੀ ਹੈ। ਕੋਈ ਵੀ ਫ਼ੀਸ ਜਾਂ ਖ਼ਰਚਾ ਨਹੀਂ ਲਿਆ ਜਾਂਦਾ। ਆਸ਼ਰਮ ਦਾ ਪ੍ਰਬੰਧ ਸੰਗਤਾਂ ਦੇ ਸਹਿਯੋਗ ਨਾਲ ਹੀ ਚਲਦਾ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ:ਕੈਨੇਡਾ:403-401-8787; ਇੰਡੀਆ:95018-42506

# ਸੋਨੇ ਦੀਆਂ ਕੀਮਤਾਂ 'ਚ ਭਾਰੀ ਗਿਰਾਵਟ?

ਦਿੱਲੀ:-ਸੋਨੇ-ਚਾਂਦੀ ਦੀਆਂ ਕੀਮਤਾਂ 'ਚ ਇਕ ਵਾਰ ਫਿਰ ਗਿਰਾਵਟ ਦਰਜ ਕੀਤੀ ਗਈ ਹੈ। ਸੋਨਾ 291 ਰੁਪਏ ਪ੍ਰਤੀ 10 ਗ੍ਰਾਮ ਸਸਤਾ ਹੋ ਗਿਆ, ਜਦਕਿ ਚਾਂਦੀ ਦੀ ਕੀਮਤ 885 ਰੁਪਏ ਪ੍ਰਤੀ ਕਿਲੋਗ੍ਰਾਮ ਦੀ ਗਿਰਾਵਟ 'ਤੇ ਆਈ। ਇਸ ਤੋਂ ਬਾਅਦ ਸੋਨਾ 56000 ਰੁਪਏ ਪ੍ਰਤੀ 10 ਗ੍ਰਾਮ 'ਤੇ ਆ ਗਿਆ ਅਤੇ ਚਾਂਦੀ 64000 ਰੁਪਏ ਪ੍ਰਤੀ ਕਿਲੋ ਦੇ ਕਰੀਬ ਵਿਕਣ ਲੱਗੀ। ਸੋਨਾ (ਗੋਲਡ ਪ੍ਰਾਈਸ ਅਪਡੇਟ) 291 ਰੁਪਏ ਪ੍ਰਤੀ 10 ਗ੍ਰਾਮ ਸਸਤਾ ਹੋ ਕੇ 55666 ਰੁਪਏ ਪ੍ਰਤੀ ਕਿਲੋ 'ਤੇ ਬੰਦ ਹੋਇਆ। ਉਥੇ ਹੀ ਸ਼ੁੱਕਰਵਾਰ ਨੂੰ ਆਖਰੀ ਕਾਰੋਬਾਰੀ ਦਿਨ ਸੋਨਾ 123 ਰੁਪਏ ਪ੍ਰਤੀ 10 ਗ੍ਰਾਮ ਸਸਤਾ ਹੋ ਕੇ 55957 ਰੁਪਏ ਪ੍ਰਤੀ 10 ਗ੍ਰਾਮ 'ਤੇ ਬੰਦ ਹੋਇਆ।

(ਮੁੱਖ ਪੰਨੇ ਦੀ ਬਾਕੀ) ਵੀ ਕਿਹਾ ਕਿ ਕੁਝ ਲੋਕਾਂ ਦੀਆਂ ਕਾਰਵਾਈਆਂ ਸਮੁੱਚੇ ਭਾਈਚਾਰੇ ਜਾਂ ਕੈਨੇਡਾ ਦੀ ਪ੍ਰਤੀਨਿਧਤਾ ਨਹੀਂ ਕਰਦੀਆਂ। ਖ਼ਾਲਿਸਤਾਨੀ ਸਮਰਥਕਾਂ ਤੇ ਵਿਦੇਸ਼ੀ ਦਖਲਅੰਦਾਜ਼ੀ ਬਾਰੇ ਇਕ ਸਵਾਲ ਦੇ ਜਵਾਬ 'ਚ ਟਰੂਡੋ ਨੇ ਕਿਹਾ ਕਿ ਉਨ੍ਹਾਂ ਦੀ ਅਤੇ ਪ੍ਰਧਾਨ ਮੰਤਰੀ ਮੋਦੀ ਨਾਲ ਹੋਈ ਗੱਲਬਾਤ ਵਿਚ ਇਹ ਮੁੱਦੇ ਸਾਹਮਣੇ ਆਏ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਹਮੇਸ਼ਾ ਪ੍ਰਗਟਾਵੇ ਦੀ ਆਜ਼ਾਦੀ, ਜ਼ਮੀਰ ਦੀ ਆਜ਼ਾਦੀ ਅਤੇ ਸ਼ਾਂਤਮਈ ਵਿਰੋਧ ਦੀ ਆਜ਼ਾਦੀ ਦੀ ਰੱਖਿਆ ਕਰੇਗਾ ਤੇ ਇਹ ਸਾਡੇ ਲਈ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿਸ਼ਵ ਵਿਚ ਇਕ ਅਸਾਧਾਰਨ ਤੌਰ 'ਤੇ ਮਹੱਤਵਪੂਰਨ ਅਰਥਵਿਵਸਥਾ ਹੈ ਅਤੇ ਜਲਵਾਯੂ ਤਬਦੀਲੀ ਨਾਲ ਲੜਨ ਤੋਂ ਲੈ ਕੇ ਨਾਗਰਿਕਾਂ ਲਈ ਵਿਕਾਸ ਅਤੇ ਖੁਸ਼ਹਾਲੀ ਪੈਦਾ ਕਰਨ ਤੱਕ ਹਰ ਚੀਜ਼ ਵਿਚ ਕੈਨੇਡਾ ਦਾ ਇਕ ਮਹੱਤਵਪੂਰਨ ਭਾਈਵਾਲ ਹੈ।


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application

Call : 778-869-1097
By Appointment Only
#202-12677-80AVE SURREY

GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910 | Charlie Sandhu: 604-864-7711

The Builder's Direct
Experienced & Honest
Bath & Kitchen Fixtures

Wholesale price to public
We carry all major brands
Fireplaces Also Available

Get all kind of Kitchen & Washroom Fixtures at wholesale prices.
Call For Free Estimates
Parminder Singh: 604-787-7838
604-593-7755
12652-82 Ave, Surrey BC

# ਪਾਕਿਸਤਾਨ ਵਿਚ ਸਿੱਖ ਗੁਰਧਾਮਾਂ ਉੱਪਰ ਨਾਜ਼ਾਇਜ਼ ਕਬਜ਼ੇ

ਅੰਮ੍ਰਿਤਸਰ : ਜਥੇਦਾਰ ਅਕਾਲ ਤਖਤ ਗਿਆਨੀ ਰਘਬੀਰ ਸਿੰਘ ਨੇ ਪਾਕਿਸਤਾਨ ਵਿੱਚ ਗੁਰਧਾਮਾਂ ਦੀ ਸੇਵਾ ਸੰਭਾਲ ਨੂੰ ਲੈਕੇ ਅਣਗਹਿਲੀ ਅਤੇ ਨਜਾਇਜ਼ ਕਬਜ਼ਿਆਂ ਦਾ ਸਖਤ ਨੋਟਿਸ ਲਿਆ ਹੈ ਅਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਿਰਦੇਸ਼ ਵੀ ਜਾਰੀ ਕੀਤੇ ਹਨ।ਜਥੇਦਾਰ ਸਾਹਿਬ ਨੇ ਕਿਹਾ 1947 ਦੀ ਵੰਡ ਤੋਂ ਬਾਅਦ ਪਾਕਿਸਤਾਨ ਵਿੱਚ ਸਿੱਖ ਗੁਰਧਾਮਾਂ ਦੀ ਸੰਭਾਲਣ ਦੀ ਜ਼ਿੰਮੇਵਾਰੀ ਪਾਕਿਸਤਾਨ ਸਰਕਾਰ ਦੀ ਹੈ । ਪਰ ਉੱਥੇ ਦੀ ਸਰਕਾਰ ਇਹ ਕਰਨ ਵਿੱਚ ਫੇਲ੍ਹ ਸਾਬਿਤ ਹੋਈ ਹੈ ਜਿਸ ਦੀ ਵਜ੍ਹਾ ਕਰਕੇ ਸਿੱਖ ਪੰਥ ਦੇ ਮਹੱਤਪੂਰਨ ਅਸਥਾਨ ਸਰਕਾਰਾਂ ਦੀ ਅਣਦੇਖੀ ਕਾਰਨ ਅਲੋਪ ਹੋ ਰਹੇ ਹਨ।ਇਹ ਅਸਥਾਨ ਸਿੱਖ ਕੌਮ ਦੇ ਗੌਰਵਸ਼ਾਲੀ ਇਤਿਹਾਸ ਨੂੰ ਬਿਆਨ ਕਰਦੇ ਹਨ ।ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਸ਼ਹੀਦੀ ਅਸਥਾਨ ਦੀ ਮੁੜ ਸੇਵਾ ਸੰਭਾਲ ਸ਼ੁਰੂ ਕੀਤੀ ਹੈ।ਉਨ੍ਹਾਂ ਕਿਹਾ ਪਾਕਿਸਤਾਨ ਸਰਕਾਰ ਦਾ ਇਹ ਫਰਜ਼ ਬਣਦਾ ਹੈ ਕਿ ਉਹ ਸਿੱਖ ਧਰਮ ਨਾਲ ਜੁੜੇ ਇਤਿਹਾਸਕ ਥਾਵਾਂ ਦੀ ਸੇਵਾ ਸੰਭਾਲਣ ਵਿੱਚ ਬਿਲਕੁਲ ਵੀ ਲਾਪਰਵਾਹੀ ਨਾ ਵਰਤੇ । ਜਥੇਦਾਰ ਸਾਹਿਬ ਨੇ ਕਿਹਾ ਪਾਕਿਸਤਾਨ ਸਰਕਾਰ ਨਜ਼ਾਇਜ ਕਬਜ਼ੇ ਖਾਲੀ ਕਰਵਾਏ ਅਤੇ ਮੁੜ ਤੋਂ ਮਰਿਆਦਾ ਮੁਤਾਬਿਕ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਕਰੇ ।ਜਥੇਦਾਰ ਸਾਹਿਬ ਨੇ ਮੰਗ ਕੀਤੀ ਕਿ ਪਾਕਿਸਤਾਨ ਸਰਕਾਰ ਸਿਰਫ ਕੁਝ ਚੁਨਿੰਦਾ ਗੁਰੂ ਘਰਾਂ ਦੇ ਦਰਸ਼ਨਾਂ ਦੀ ਥਾਂ ਸਾਰੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਦੀ ਇਜਾਜ਼ਤ ਸਿੱਖ ਸ਼ਰਧਾਲੂਆ ਨੂੰ ਦੇਵੇ ਤਾਂ ਕਿ ਖੁੱਲੇ ਦਰਸ਼ਨ ਦੀਦਾਰ ਦੀ ਅਰਦਾਸ ਸਫਲ ਹੋਏ। ਇਸ ਤੋਂ ਇਲਾਵਾ ਉਨ੍ਹਾਂ ਨੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਪਾਕਿਸਤਾਨ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਇਸ ਵੱਲ ਧਿਆਨ ਦੇਣ ਅਤੇ ਗੁਰੂਘਰਾਂ ਨੂੰ ਨਜ਼ਾਇਜ਼ ਕਬਜ਼ਿਆਂ ਤੋਂ ਆਜ਼ਾਦ ਕਰਵਾਉਣ ਅਤੇ ਗੁਰੂ ਮਰਿਆਦਾ ਲਾਗੂ ਕਰਨ।

ਜਥੇਦਾਰ ਨੇ ਸ਼੍ਰੋਮਣੀ ਕਮੇਟੀ ਨੂੰ ਵੀ ਕਿਹਾ ਕਿ ਇਸ ਸਬੰਧੀ ਭਾਰਤ ਸਰਕਾਰ ਨੂੰ ਪਾਕਿਸਤਾਨ ਵਿਚਲੇ ਗੁਰਧਾਮਾਂ 'ਤੇ ਕੀਤੇ ਕਬਜ਼ੇ ਛੁਡਾਉਣ ਲਈ ਪੱਤਰ ਲਿਖਿਆ ਜਾਵੇ।

# ਦਲ ਖਾਲਸਾ ਵੱਲੋਂ ਮੋਦੀ ਦੀਆਂ ਘੱਟ ਗਿਣਤੀ ਕੌਮਾਂ ਵਿਰੋਧੀ ਨੀਤੀਆਂ ਦਾ ਵਿਰੋਧ

## ਦੂਤਘਰਾਂ ਦੇ ਹਾਈ ਕਮਿਸ਼ਨਰਾਂ ਨੂੰ ਲਿਖੇ ਪੱਤਰ



ਅੰਮ੍ਰਿਤਸਰ: ਬੀਤੇ ਦਿਨੀਂ ਸਿੱਖ ਜਥੇਬੰਦੀ ਦਲ ਖਾਲਸਾ ਨੇ ਜੀ-20 ਦੇਸ਼ਾਂ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਸੀ ਕਿ ਉਹ ਧਾਰਮਿਕ ਕੌਮਾਂ ਅਤੇ ਘੱਟ-ਗਿਣਤੀ ਲੋਕਾਂ ਦੀ ਆਵਾਜ਼ ਸੁਣਨ।ਸਿੱਖ ਜਥੇਬੰਦੀ ਵੱਲੋਂ ਇਹ ਪੱਤਰ ਐਮ.ਐਨ. 20 ਸੰਮੇਲਨ ਨੂੰ ਰੱਦ ਕੀਤੇ ਜਾਣ ਦੇ ਪ੍ਰਤੀਕਰਮ ਵਜੋਂ ਲਿਖਿਆ ਗਿਆ ਸੀ ਜੋ 7 ਸਤੰਬਰ ਨੂੰ ਦਿੱਲੀ ਵਿਚ ਕਰਵਾਇਆ ਜਾਣਾ ਸੀ ਪਰ ਐਨ ਆਖ਼ਰੀ ਮੌਕੇ ਇਸ ਪ੍ਰੋਗਰਾਮ ਲਈ ਬੁੱਕ ਕਰਵਾਏ ਗਏ ਸਥਾਨ ਦੀ ਬੁਕਿੰਗ ਰੱਦ ਕਰ ਦਿੱਤੀ ਗਈ ਹੈ। ਇਸ ਪੱਤਰ ਵਿੱਚ ਜੀ-20 ਦੇਸ਼ਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਦਿੱਲੀ ਅਤੇ ਸੂਬਿਆਂ ਦਰਮਿਆਨ ਚਲ ਰਹੇ ਰਾਜਸੀ ਟਕਰਾਅ ਤੇ ਝਗੜਿਆਂ ਦੇ ਹੱਲ ਲੱਭਣ ਲਈ ਭੂਮਿਕਾ ਨਿਭਾਉਣ, ਸਾਰੇ ਸਿਆਸੀ ਕੈਦੀਆਂ ਨੂੰ ਰਿਹਾਅ ਕਰਵਾਉਣ ਵਿੱਚ ਭੂਮਿਕਾ ਨਿਭਾਉਣ, ਘੱਟ ਗਿਣਤੀ ਭਾਈਚਾਰਿਆਂ ਦੇ ਧਾਰਮਿਕ ਮਾਮਲਿਆਂ ਵਿੱਚ ਕੀਤੀ ਜਾ ਰਹੀ ਦਖਲਅੰਦਾਜ਼ੀ ਨੂੰ ਖਤਮ ਕਰਨ ਵਿੱਚ ਮਦਦ ਕੀਤੀ ਜਾਵੇ।ਇਸ ਸੰਬੰਧੀ ਦਲ ਖ਼ਾਲਸਾ ਦੇ ਸਕੱਤਰ ਜਨਰਲ ਕੰਵਰਪਾਲ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਦਲ ਖ਼ਾਲਸਾ ਅਤੇ ਅਕਾਲੀ ਦਲ ਅੰਮ੍ਰਿਸਰ ਵਲੋਂ ਬੀਤੀ 7 ਸਤੰਬਰ ਨੂੰ ਕਾਂਸਟੀਚਿਊਸ਼ਨ ਕਲੱਬ ਆਫ ਇੰਡੀਆ ਦਿੱਲੀ ਵਿਖੇ 'ਐੱਮ. ਐੱਨ-20' ਸੰਮੇਲਨ ਕੀਤਾ ਜਾਣਾ ਸੀ, ਜਿਸ ਵਿਚ ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਘੱਟ ਗਿਣਤੀ ਕੌਮਾਂ ਤੇ ਧਰਮਾਂ ਦੇ ਪ੍ਰਤੀਨਿੱਧਾਂ ਨੇ ਸ਼ਿਰਕਤ ਕਰਨੀ ਸੀ । ਪਰ ਕੇਂਦਰ ਸਰਕਾਰ ਵਲੋਂ ਐਨ ਇਕ ਦਿਨ ਪਹਿਲਾਂ ਇਸ ਸੰਮੇਲਨ 'ਤੇ ਰੋਕ ਲਗਾਉਣ ਦਾ ਫੁਰਮਾਨ ਜਾਰੀ ਕਰ ਦਿੱਤਾ।। ਪਾਰਟੀ ਦੇ ਬੁਲਾਰੇ ਪਰਮਜੀਤ ਸਿੰਘ ਮੰਡ ਨੇ ਦੱਸਿਆ ਕਿ ਦਿੱਲੀ 'ਚ ਵਿਦੇਸ਼ੀ ਦੂਤਘਰਾਂ ਨੂੰ ਭੇਜੇ ਪੱਤਰ 'ਚ ਦੱਸਿਆ ਗਿਆ ਹੈ ਕਿ ਭਾਜਪਾ ਸਰਕਾਰ ਨੇ ਪਰਦੇ ਪਿੱਛੇ ਰਹਿ ਕੇ 7 ਸਤੰਬਰ ਨੂੰ ਦਿੱਲੀ 'ਚ ਹੋਣ ਵਾਲੇ ਐੱਮ.-20 ਸਿਖਰ ਸੰਮੇਲਨ ਵਿਚ ਵਿਘਨ ਪਾਇਆ ਹੈ, ਕਿਉਂਕਿ ਸਰਕਾਰ ਘੱਟ-ਗਿਣਤੀ ਕੌਮਾਂ ਅਤੇ ਧਰਮਾਂ ਨੂੰ ਸਾਂਝੇ ਪਲੇਟਫ਼ਾਰਮ 'ਤੇ ਇਕਜੁੱਟ ਹੁੰਦਿਆਂ ਦੇਖ ਭੈਭੀਤ ਹੋਈ ਹੈ ।ਦਲ ਖ਼ਾਲਸਾ ਆਗੂਆਂ ਨੇ ਉਨ੍ਹਾਂ 70 ਬਰਤਾਨਵੀ ਸੰਸਦ ਮੈਂਬਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਆਪਣੇ ਦੇਸ਼ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੂੰ ਭਾਰਤੀ ਜੇਲ੍ਹ ਵਿਚ ਬੰਦ ਸਿਆਸੀ ਕੈਦੀ ਜਗਤਾਰ ਸਿੰਘ ਜੱਗੀ ਜੌਹਲ ਦਾ ਮੁੱਦਾ ਭਾਰਤੀ ਪ੍ਰਧਾਨ ਮੰਤਰੀ ਕੋਲ ਉਠਾਉਣ ਦੀ ਅਪੀਲ ਕੀਤੀ ਸੀ ।ਉਨ੍ਹਾਂ ਦੱਸਿਆ ਕਿ ਰੱਦ ਹੋਇਆ ਐੱਮ. ਐੱਨ.-20 ਸੰਮੇਲਨ ਜਲਦੀ ਹੀ ਦਿੱਲੀ ਵਿਚ ਕੀਤਾ ਜਾਵੇਗਾ।


ਮਨ ਮਨੁੱਖ ਦੀ ਕੁੰਜੀ ਹੈ Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਓਪੈਥ ਆਰ. ਐਸ. ਸੈਨੀ D.HOM. (London), MD(AM), International Medal Awardee 1973 ਤੋਂ ਐਕਟਿਵ ਪ੍ਰੈਕਟਿਸ ਵਿਚੋਂ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਕਰਨਲ ਨਿਸ਼ਾਨ ਦਾ ਕੈਲੰਡਰ ਗਿਆਨ






**ਭਾਗ-2**

ਕਿਸੇ ਸਮੇਂ ਇਨਸਾਨ ਨੂੰ ਵੀ ਦਿਨ ਦੇ ਚਾਨਣ ਅਤੇ ਰਾਤ ਦੇ ਹਨੇਰੇ ਦਾ ਹੀ ਗਿਆਨ ਸੀ। ਜਦੋਂ ਕਿਸੇ ਸਿਆਣੇ ਨੇ ਚੰਦ ਦੇ ਚਾਨਣੇ ਪੱਖ ਅਤੇ ਹਨੇਰੇ ਪੱਖ ਦਾ ਹਿਸਾਬ-ਕਿਤਾਬ ਰੱਖ ਕੇ ਕੈਲੰਡਰ ਦਾ ਮੁੱਢ ਬੰਨਿਆਂ ਹੋਵੇਗਾ ਤਾਂ ਇਨਸਾਨ ਦੇ ਜੀਵਨ ਵਿੱਚ ਕਿੰਨੀ ਤਬਦੀਲੀ ਆਈ ਹੋਏਗੀ। ਜਦੋਂ ਇਨਸਾਨ ਦੀ ਰੁੱਤਾਂ ਬਾਰੇ ਸਮਝ ਵਿੱਚ ਵਾਧਾ ਹੋਇਆਂ ਤਾਂ ਸੂਰਜੀ ਕੈਲੰਡਰ ਹੋਂਦ ਵਿੱਚ ਆਇਆ। ਅੱਜ ਵੀ ਦੁਨੀਆਂ ਵਿੱਚ ਚੰਦ ਦਾ ਕੈਲੰਡਰ, ਸੂਰਜੀ ਕੈਲੰਡਰ ਅਤੇ ਦੋਵਾਂ ਦਾ ਮਿਸ਼ਰਤ, ਚੰਦਰ-ਸੂਰਜੀ ਕੈਲੰਡਰ ਪ੍ਰਚੱਲਤ ਹਨ।

ਇਸਲਾਮ ਧਰਮ ਵਿੱਚ ਪ੍ਰਚੱਲਤ ਹਿਜਰੀ ਕੈਲੰਡਰ, ਚੰਦ ਅਧਾਰਿਤ ਕੈਲੰਡਰ ਹੈ। ਦੁਨੀਆਂ ਦਾ ਸਾਂਝਾ ਕੈਲੰਡਰ ਅਤੇ ਨਾਨਕਸ਼ਾਹੀ ਕੈਲੰਡਰ ਸੂਰਜੀ ਕੈਲੰਡਰ ਹਨ। ਬਿਕ੍ਰਮੀ ਕੈਲੰਡਰ, ਚੰਦਰ-ਸੂਰਜੀ ਕੈਲੰਡਰ ਹੈ। ਇਨ੍ਹਾਂ ਕੈਲੰਡਰਾਂ ਦੇ ਸਾਲ ਦਾ ਆਰੰਭ ਇਕ ਖਾਸ ਸਮੇਂ ਤੇ ਹੁੰਦਾ ਹੈ। ਜਿਵੇ ਹਿਜਰੀ ਕੈਲੰਡਰ ਦਾ ਆਰੰਭ ਇਕ ਮੁਹੱਰਮ ਤੋਂ, ਸਾਂਝੇ ਸਾਲ ਦਾ ਆਰੰਭ ਇਕ ਜਨਵਰੀ ਤੋਂ, ਨਾਨਕਸ਼ਾਹੀ ਕੈਲੰਡਰ ਦਾ ਆਰੰਭ ਇਕ ਚੇਤ ਤੋਂ ਅਤੇ ਚੰਦ ਦੇ ਕੈਲੰਡਰ ਦਾ ਆਰੰਭ ਚੇਤ ਸੁਦੀ ਏਕਮ ਤੋਂ। ਇਥੇ ਇਕ ਹੋਰ ਨੁਕਤਾ ਵੀ ਸਾਂਝਾ ਕਰਨਾ ਜਰੂਰੀ ਸਮਝਦਾ ਹਾਂ, ਉਹ ਇਹ ਹੈ ਕਿ ਉੱਤਰੀ ਭਾਰਤ ਵਿਚ ਚੰਦ ਦੇ ਕੈਲੰਡਰ ਦਾ ਮਹੀਨਾ ਪੂਰਨਮੰਤਾ, ਭਾਵ ਪੂੰਨਿਆ ਤੋਂ ਪੂੰਨਿਆ ਗਿਣਿਆ ਜਾਂਦਾ ਹੈ। ਪਰ, ਸਾਲ ਦਾ ਆਰੰਭ ਮੱਸਿਆ ਤੋਂ ਅਗਲੇ ਦਿਨ ਭਾਵ ਸੁਦੀ ਏਕਮ ਤੋਂ ਹੁੰਦਾ ਹੈ। ਇਹ ਹੀ ਕਾਰਨ ਹੈ ਕਿ ਚੇਤ ਦੇ ਮਹੀਨੇ ਦਾ ਪਹਿਲਾ ਅੱਧ ਖਤਮ ਹੋ ਰਹੇ ਸਾਲ ਵਿੱਚ ਆਉਂਦਾ ਹੈ ਅਤੇ ਦੂਜਾ ਅੱਧ, ਨਵੇ ਸਾਲ ਵਿੱਚ ਆਉਂਦਾ ਹੈ। ਭਾਵ ਨਵਾ ਸਾਲ ਦਾ ਆਰੰਭ ਚੇਤ ਦੇ ਸੁਦੀ ਏਕਮ ਤੋਂ ਆਰੰਭ ਹੁੰਦਾ ਹੈ।

ਕਰਨਲ ਨਿਸ਼ਾਨ ਦੀ ਕਿਤਾਬ ਦੇ ਪੰਨਿਆਂ ਨੂੰ ਧਿਆਨ ਨਾਲ ਵੇਖੋ। ਸੰਮਤ 549 ਨਾਨਕਸ਼ਾਹੀ ਦਾ ਆਰੰਭ ਚੇਤ ਸੁਦੀ ਇਕ, 29 ਮਾਰਚ 2017 ਈ: ਦਿਨ ਬੁੱਧਵਾਰ (ਪੰਨਾ 84) ਦਾ ਦਰਜ ਹੈ। ਅਸਲ ਵਿੱਚ ਇਸ ਦਿਨ ਸੰਮਤ 2074 ਬਿਕ੍ਰਮੀ ਦਾ ਆਰੰਭ ਹੋਇਆ ਸੀ। ਸੰਮਤ 550 ਨਾਨਕਸ਼ਾਹੀ ਦਾ ਆਰੰਭ ਚੇਤ ਸੁਦੀ ਇਕ, 18 ਮਾਰਚ 2018 ਈ: ਦਿਨ ਐਤਵਾਰ (ਪੰਨਾ 85) ਅਤੇ ਸੰਮਤ 551 ਨਾਨਕਸ਼ਾਹੀ ਦਾ ਆਰੰਭ ਚੇਤ ਸੁਦੀ ਇਕ, 6 ਅਪ੍ਰੈਲ 2019 ਈ: ਦਿਨ ਸ਼ਨਿੱਚਰਵਾਰ (ਪੰਨਾ 87) ਨੂੰ ਹੁੰਦਾ ਦਰਸਾਇਆ ਗਿਆ ਹੈ। ਜਦੋਂ ਕਿ ਨਾਨਕਸ਼ਾਹੀ ਸੰਮਤ ਦਾ ਆਰੰਭ, ਹਰ ਸਾਲ 1 ਚੇਤ (14 ਮਾਰਚ) ਤੋਂ ਹੁੰਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਨਾਮ ਹੇਠ ਛਾਪਿਆ ਜਾਂਦਾ ਬਿਕ੍ਰਮੀ ਕੈਲੰਡਰ ਵੀ ਸੂਰਜੀ ਹੈ। ਇਸ ਦੇ ਨਵੇਂ ਸਾਲ ਦਾ ਆਰੰਭ ਵੀ ਅੱਜ ਕੱਲ 1 ਚੇਤ/ 14 ਮਾਰਚ ਤੋਂ ਹੀ ਹੁੰਦਾ ਹੈ ਪਰ 2027 ਈ: ਵਿੱਚ ਇਸ ਦਾ ਆਰੰਭ 1 ਚੇਤ/15 ਮਾਰਚ ਨੂੰ ਹੋਵੇਗਾ।

ਇਥੇ ਇਕ ਹੋਰ ਨੁਕਤਾ ਵੀ ਧਿਆਨ ਦੀ ਮੰਗ ਕਰਦਾ ਹੈ। ਕਰਨਲ ਨਿਸ਼ਾਨ ਮੁਤਾਬਕ, ਚੇਤ ਸੁਦੀ ਏਕਮ 29 ਮਾਰਚ 2017 ਈ:, ਦਿਨ ਬੁੱਧਵਾਰ ਦਰਜ ਹੈ। ਜਦੋਂ ਕਿ ਜੰਤਰੀਆਂ ਮੁਤਾਬਕ 29 ਮਾਰਚ ਦਿਨ ਬੁੱਧਵਾਰ ਨੂੰ ਚੇਤ ਸੁਦੀ ਦੂਜ ਸੀ। ਬਿਕ੍ਰਮੀ ਕੈਲੰਡਰ ਵਿੱਚ ਦਿਨ ਦਾ ਆਰੰਭ ਸੂਰਜ ਚੜਨ ਵੇਲੇ ਤੋਂ ਹੁੰਦਾ ਹੈ। ਚੰਦ ਦੀ ਜੋ ਤਿੱਥ ਸਵੇਰੇ ਸੂਰਜ ਚੜਨ ਵੇਲੇ ਹੁੰਦੀ ਹੈ, ਉਹ ਹੀ ਗਿਣੀ ਜਾਂਦੀ ਹੈ। 28 ਮਾਰਚ 2017 ਈ: ਦਿਨ ਮੰਗਲਵਾਰ ਨੂੰ ਸਵੇਰੇ 6:25 ਤੇ ਸੂਰਜ ਚੜਿਆ ਸੀ। ਇਸ ਵੇਲੇ ਚੇਤ ਵਦੀ ਮੱਸਿਆ ਸੀ। ਜੋ ਲੱਗ ਭੱਗ 8.27 ਮਿੰਟ ਤੇ ਖਤਮ ਹੋ ਗਈ ਸੀ। ਅਤੇ ਚੇਤ ਸੁਦੀ ਏਕਮ ਆਰੰਭ ਹੋ ਗਈ ਸੀ। ਜੋ ਬੁੱਧਵਾਰ ਸਵੇਰੇ ਸੂਰਜ ਚੜਨ ਤੋਂ ਪਹਿਲਾ ਹੈ, ਲੱਗ ਭੱਗ 5.45 ਤੇ ਖਤਮ ਹੋ ਗਈ ਸੀ ਜਦੋਂ ਕਿ ਬੁੱਧਵਾਰ ਨੂੰ ਸੂਰਜ ਲੱਗ ਭੱਗ 6.23 ਮਿੰਟ ਤੇ ਚੜਿਆ ਸੀ ਉਸ ਵੇਲੇ ਚੇਤ ਸੁਦੀ ਦੂਜ ਸੀ। ਚੇਤ ਸੁਦੀ ਏਕਮ ਤਾਂ ਆਈ ਹੀ ਨਹੀ, ਇਸ ਕਾਰਨ ਚੰਦ ਦੇ ਨਵੇਂ ਸਾਲ ਦਾ ਆਰੰਭ 28 ਮਾਰਚ ਦਿਨ ਮੰਗਲਵਾਰ ਨੂੰ ਹੋਇਆ ਸੀ। ਪੰਚਾਂਗ ਦਿਵਾਕਰ, ਸ਼੍ਰੋਮਣੀ ਤਿੱਥ ਪਤ੍ਰਿਕਾ, ਅਤੇ ਮੁਫੀਦ ਆਲਮ ਜੰਤਰੀ, ਆਦਿ ਤਾਂ ਗੁੰਝਲਦਾਰ ਹਨ। ਮੰਨਿਆ, ਕੋਈ ਗਲਤੀ ਹੋ ਸਕਦੀ ਹੈ। ਨਾਨਕਸ਼ਾਹੀ ਕੈਲੰਡਰ ਦੇ ਕੱਟੜ ਅਲੋਚਕ ਨੂੰ, ਘੱਟੋ ਘੱਟ ਖਾਲਸਾ ਹੀਰਾ ਜੰਤਰੀ ਤਾਂ ਪੜ੍ਹਨੀ ਆਉਣੀ ਚਾਹੀਦੀ ਹੈ। 29 ਮਾਰਚ ਦਿਨ ਬੁੱਧਵਾਰ ਨੂੰ ਚੇਤ ਸੁਦੀ ਏਕਮ, ਸੂਰਜੀ ਸਿਧਾਂਤ ਮੁਤਾਬਕ ਆਈ ਸੀ ਨਾਕਿ ਦ੍ਰਿਕਗਿਣਤ ਸਿਧਾਂਤ ਮੁਤਾਬਕ।

ਕਰਨਲ ਨਿਸ਼ਾਨ ਵੱਲੋਂ ਸੰਮਤ 549 ਦਾ ਆਰੰਭ ਚੇਤ ਸੁਦੀ ਇਕ, 29 ਮਾਰਚ ਦਿਨ ਬੁੱਧਵਾਰ ਨੂੰ ਲਿਖਣਾ ਇਹ ਸਾਬਿਤ ਕਰਦਾ ਹੈ ਕਿ ਇਨ੍ਹਾਂ ਨੇ ਇਹ ਤਾਰੀਖ਼ "Calendrical Tabulations 1900–2200" ਤੋਂ ਨਕਲ ਕੀਤੀ ਹੈ। ਯਾਦ ਰਹੇ ਜੁਲਾਈ 2018 ਈ: ਦੇ ਆਖਰੀ ਹਫ਼ਤੇ ਵੈਨਕੂਵਰ ਵਿਖੇ Canadian Sikh Study and Teaching Society ਵੱਲੋਂ ਕਰਵਾਏ ਗਏ ਸੈਮੀਨਾਰ ਵਿੱਚ ਕਰਨਲ ਨਿਸ਼ਾਨ ਨੇ ਕਿਹਾ ਸੀ, "ਮੈਂ ਹਾਲੇ ਤੱਕ ਇਹ ਕਿਤਾਬ ਨਹੀਂ ਵੇਖੀ"। ਅਤੇ ਇਹ ਵੀ ਕਿਹਾ ਸੀ ਕਿ ਗਣਿਤ ਮੈਂ ਆਪ ਕੀਤੀ ਹੈ। ਉਹ ਵੀ ਦ੍ਰਿਗ ਗਣਿਤ ਸਿਧਾਂਤ ਮੁਤਾਬਕ ਕੀਤੀ ਹੈ। ਇਥੇ ਕਰਨਲ ਨਿਸ਼ਾਨ ਦਾ ਇਹ ਝੂਠ ਵੀ ਫੜਿਆ ਗਿਆ ਹੈ। ਮੈਂ ਪੂਰੀ ਜਿੰਮੇਵਾਰੀ ਨਾਲ ਲਿਖ ਰਿਹਾ ਹਾਂ ਕਿ ਕਰਨਲ ਨਿਸ਼ਾਨ ਨੂੰ ਗਣਿਤ ਕਰਨੀ ਨਹੀਂ ਆਉਂਦੀ। ਇਨ੍ਹਾਂ ਨੇ ਸਾਰੀਆਂ ਤਾਰੀਖਾਂ, "Calendrical Tabulations 1900–2200" ਤੋਂ ਨਕਲ ਕੀਤੀਆਂ ਹਨ। ਉਸ ਕਿਤਾਬ ਵਿੱਚ ਸਾਰੀ ਗਣਿਤ ਸੂਰਜੀ ਸਿਧਾਂਤ ਮੁਤਾਬਕ ਹੈ। "For the Hindu lunar calendar, we follow the rules of the Surya-Siddhanta, as amended by Ganesa ☞


# Injured in an accident? ICBC claim?

## We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫ਼ੈਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

For a fair settlement for your claim, call **Mandeep Randhawa** today.



Mandeep Randhawa,
*B.Sc., L.L.B (UBC)*

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999

RM TRIAL LAWYERS

MANDEEP RANDHAWA LAW CORPORATION

# T 604 449 7500

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

# ਜਸਟਿਨ ਟਰੂਡੋ ਦੀ ਭਾਰਤ ਫੇਰੀ ਨੂੰ ਕੈਨੇਡਾ 'ਚ 'ਅਸਫਲ' ਤੇ 'ਸ਼ਰਮਨਾਕ' ਕਿਉਂ ਆਖਿਆ ਜਾ ਰਿਹਾ

**ਬੀਬੀਸੀ ਰਿਪੋਰਟ**

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਜੀ-20 ਸੰਮੇਲਨ 'ਚ ਹਿੱਸਾ ਲੈਣ ਲਈ ਭਾਰਤ ਆਏ ਸਨ। ਦੂਨੀਆ ਦੇ ਬਾਕੀ ਨੇਤਾਵਾਂ ਵਾਂਗ ਉਨ੍ਹਾਂ ਨੇ ਵੀ ਐਤਵਾਰ ਨੂੰ ਵਾਪਸ ਜਾਣਾ ਸੀ ਪਰ ਜਹਾਜ਼ 'ਚ ਤਕਨੀਕੀ ਖ਼ਰਾਬੀ ਕਾਰਨ ਉਹ ਮੰਗਲਵਾਰ ਦੀ ਦੁਪਿਹਰ ਨੂੰ ਹੀ ਦਿੱਲੀ ਤੋਂ ਵਾਪਸੀ ਕਰ ਸਕੇ। ਟਰੂਡੋ ਦੀ ਇਹ ਯਾਤਰਾ 'ਮੁਸ਼ਕਿਲਾਂ' ਭਰੀ ਸਾਬਤ ਹੋ ਰਹੀ ਹੈ। ਇੱਕ ਪਾਸੇ ਭਾਰਤ ਵਿੱਚ ਉਨ੍ਹਾਂ ਨੂੰ ਬਹੁਤੀ ਤਵੱਜੋ ਨਹੀਂ ਮਿਲੀ ਅਤੇ ਦੂਜੇ ਪਾਸੇ ਕੈਨੇਡਾ ਵਿੱਚ ਵੀ ਉਨ੍ਹਾਂ ਨੂੰ ਘੇਰਿਆ ਜਾ ਰਿਹਾ ਹੈ। ਕੈਨੇਡਾ ਦੇ ਮੀਡੀਆ ਵਿੱਚ ਉਨ੍ਹਾਂ ਦੇ ਦੌਰੇ ਨੂੰ 'ਅਸਫ਼ਲ' ਅਤੇ 'ਸ਼ਰਮਨਾਕ' ਤੱਕ ਆਖਿਆ ਜਾ ਰਿਹਾ ਹੈ।

ਕੈਨੇਡਾ ਦਾ ਮੀਡੀਆ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ 2018 ਵਿੱਚ ਉਨ੍ਹਾਂ ਦੀ ਪਹਿਲੀ 'ਅਸਫ਼ਲ' ਭਾਰਤ ਫੇਰੀ ਦੀ ਵੀ ਯਾਦ ਦਿਵਾ ਰਿਹਾ ਹੈ, ਜਦੋਂ ਉਨ੍ਹਾਂ ਨੇ ਇੱਕ 'ਦੋਸ਼ੀ ਠਹਿਰਾਏ ਗਏ ਅੱਤਵਾਦੀ' ਨੂੰ ਆਪਣੇ ਨਾਲ ਡਿਨਰ ਲਈ ਸੱਦਾ ਦਿੱਤਾ ਸੀ। ਕੈਨੇਡਾ ਵਿੱਚ ਇੱਕ ਤਸਵੀਰ ਦੀ ਵੀ ਚਰਚਾ ਹੋ ਰਹੀ ਹੈ ਜਿਸ ਵਿੱਚ ਜੀ-20 ਕਾਨਫਰੰਸ ਦੌਰਾਨ ਅਮਰੀਕੀ ਰਾਸ਼ਟਰਪਤੀ ਬਾਇਡਨ ਟਰੂਡੋ ਦੇ ਚਿਹਰੇ ਵੱਲ ਉਂਗਲ ਚੁੱਕਦੇ ਨਜ਼ਰ ਆ ਰਹੇ ਹਨ। ਇਸ ਤਸਵੀਰ 'ਚ ਨਾ ਤਾਂ ਟਰੂਡੋ ਖੁਸ਼ ਦਿਖਾਈ ਦੇ ਰਹੇ ਹਨ ਅਤੇ ਨਾ ਹੀ ਅਮਰੀਕੀ ਰਾਸ਼ਟਰਪਤੀ ਅਤੇ ਅਜਿਹਾ ਲੱਗ ਰਿਹਾ ਹੈ ਜਿਵੇਂ ਬਾਇਡਨ ਟਰੂਡੋ ਨੂੰ 'ਪਾਠ ਪੜ੍ਹਾ ਰਹੇ ਹੋਣ'।

ਜਦੋਂ ਟਰੂਡੋ ਅਧਿਕਾਰਤ ਸਵਾਗਤ ਦੌਰਾਨ ਮਿਲੇ ਤਾਂ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹੱਥ ਮਿਲਾਉਣ ਵੇਲੇ ਆਪਣਾ ਹੱਥ ਛੁਡਾਉਂਦੇ ਹੋਏ ਵੀ ਨਜ਼ਰ ਆਏ। ਇਸ ਤਸਵੀਰ ਨੂੰ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ 'ਚ ਚੱਲ ਰਹੇ 'ਤਣਾਅ' ਵਜੋਂ ਵੀ ਦੇਖਿਆ ਜਾ ਰਿਹਾ ਹੈ। ਜਦੋਂ ਟਰੂਡੋ ਨੂੰ ਇਸ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਹੱਸ ਕੇ ਟਾਲਣ ਦੀ ਕੋਸ਼ਿਸ਼ ਕੀਤੀ। ਪਰ ਕੈਨੇਡਾ ਦੇ ਮੀਡੀਆ ਵਿੱਚ ਇਹ ਕਿਹਾ ਜਾ ਰਿਹਾ ਹੈ ਕਿ 'ਗੱਲ ਸਿਰਫ਼ ਇੰਨੀ ਨਹੀਂ ਹੈ'।

**ਜਸਟਿਨ ਟਰੂਡੋ ਨੇ ਪੀਐੱਮ ਮੋਦੀ ਨਾਲ ਹੋਈ ਗੱਲਬਾਤ ਬਾਰੇ ਕੀ ਕਿਹਾ ਸੀ?**

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸ਼ਨੀਵਾਰ ਨੂੰ ਕਿਹਾ ਸੀ ਕਿ ਉਨ੍ਹਾਂ ਦੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਖਾਲਿਸਤਾਨ ਅਤੇ ਵਿਦੇਸ਼ੀ ਦਖਲ ਦੇ ਮੁੱਦੇ ਉੱਪਰ ਕਈ ਵਾਰ ਗੱਲਬਾਤ ਹੋਈ ਹੈ।

ਜਸਟਿਨ ਟਰੂਡੋ ਨੇ ਕਿਹਾ ਸੀ ਕਿ ਹਾਲਾਂਕਿ ਕੁਝ ਲੋਕਾਂ ਦੀਆਂ ਕਾਰਵਾਈਆਂ ਕਿਸੇ ਭਾਈਚਾਰੇ ਜਾਂ ਕੈਨੇਡਾ ਦੀ ਨੁਮਾਇੰਦਗੀ ਨਹੀਂ ਕਰਦੀਆਂ।

ਉਨ੍ਹਾਂ ਦਾ ਇਹ ਬਿਆਨ ਮੀਡੀਆ ਵੱਲੋਂ ਕੈਨੇਡਾ ਵਿੱਚ ਖਾਲਿਸਤਾਨੀ ਕੱਟੜਪੰਥੀ ਕਾਰਵਾਈਆਂ ਤੇ ਭਾਰਤ ਵੱਲੋਂ ਦਖਲ ਦੇਣ ਦੇ ਜਵਾਬ ਵਿੱਚ ਦਿੱਤਾ ਗਿਆ ਸੀ।



ਇਸ ਦੌਰਾਨ ਉਨ੍ਹਾਂ ਨੇ ਕਿਹਾ ਸੀ ਕਿ ਕੈਨੇਡਾ ਹਮੇਸ਼ਾ ਪ੍ਰਗਟਾਵੇ ਦੀ ਆਜ਼ਾਦੀ, ਵਿਵੇਕ ਦੀ ਆਜ਼ਾਦੀ ਅਤੇ ਸ਼ਾਂਤੀਪੂਰਨ ਵਿਰੋਧ ਦੀ ਆਜ਼ਾਦੀ ਦੀ ਰੱਖਿਆ ਕਰੇਗਾ।

ਜਸਟਿਨ ਟਰੂਡੋ ਨਾਲ ਮੀਟਿੰਗ ਤੋਂ ਬਾਅਦ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਟਵੀਟ ਕਰਕੇ ਕਿਹਾ, ਅਸੀਂ ਵੱਖ-ਵੱਖ ਖੇਤਰਾਂ ਵਿੱਚ ਭਾਰਤ-ਕੈਨੇਡਾ ਦੇ ਸਬੰਧਾਂ ਬਾਰੇ ਪੂਰੀ ਚਰਚਾ ਕੀਤੀ।

ਵਿਗੜ ਰਹੇ ਆਰਥਿਕ ਰਿਸ਼ਤੇ

ਭਾਰਤ ਇਸ ਵੇਲੇ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਹੈ ਅਤੇ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਵਿੱਚੋਂ ਇੱਕ ਹੈ। ਕਰੀਬ ਚਾਰ ਕਰੋੜ ਦੀ ਆਬਾਦੀ ਵਾਲੇ ਕੈਨੇਡਾ ਦੀ ਅਰਥਵਿਵਸਥਾ ਵੀ ਦੁਨੀਆ ਦੀਆਂ ਮੋਹਰੀ 10 ਅਰਥਵਿਵਸਥਾਵਾਂ 'ਚ ਸ਼ਾਮਲ ਹੈ। ਭਾਵੇਂ ਕੈਨੇਡਾ ਆਕਾਰ ਵਿੱਚ ਭਾਰਤ ਨਾਲੋਂ 204 ਫੀਸਦ ਵੱਡਾ ਹੈ, ਪਰ ਕੈਨੇਡਾ ਦੀ ਆਬਾਦੀ ਭਾਰਤ ਨਾਲੋਂ ਬਹੁਤ ਘੱਟ ਹੈ।

ਕੈਨੇਡਾ ਦੇ ਮੀਡੀਆ ਵਿੱਚ ਭਾਰਤ ਨਾਲ


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)



Expert Advice, Consultation & Representation in all your legal matters



FAMILY LAW
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

IMMIGRATION LAW
- Students, Workers and Visitors cases
- All Immigration matters
- Sponsorship cases

REAL ESTATE IN BC AND ALBERTA
- Sale and purchase of Residential and Commercial Properties in BC and Alberta
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

EMPLOYMENT LAW
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

CORPORATE & BUSINESS LAW
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

NOTARY SERVICES
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

BENEFITS OF CHOOSING US
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

CHARANJEET KAUR RAINA
LAWYER AND NOTARY PUBLIC

778 835 8455

#201-13049 76th Avenue, Surrey BC V3W2V7
www.rainalaw.com Email : craina@rainalaw.com


---

Daivajna." (xxiv) ਕਰਨਲ ਨਿਸ਼ਾਨ ਨੇ, ਬਿਨਾ ਸੋਚੇ ਸਮਝੇ ਉਥੋਂ ਨਕਲ ਮਾਰ ਕੇ ਆਪਣੀ ਕਿਤਾਬ ਵਿੱਚ ਤਾਰੀਖ਼ਾਂ ਲਿਖ ਦਿੱਤੀਆਂ ਹਨ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ ਗਏ, ਨਾਨਕਸ਼ਾਹੀ ਸੰਮਤ 549, 550 ਅਤੇ 551 ਦੇ ਕੈਲੰਡਰਾਂ ਨੂੰ ਵੇਖੋ। ਹਰ ਨਵੇਂ ਸਾਲ ਦਾ ਆਰੰਭ 14 ਮਾਰਚ ਤੋਂ ਹੁੰਦਾ ਹੈ। ਕਰਨਲ ਨਿਸ਼ਾਨ ਦੀ ਕਿਤਾਬ ਦੇ ਪੰਨਾ 84 ਦੀ ਫ਼ੋਟੋ ਨੂੰ ਵੇਖੋ। "ਚੇਤ ਗੋਬਿੰਦ ਅਰਾਧੀਏ" ਭਾਵ ਚੇਤ ਦੀ ਸੰਗਰਾਂਦ ਦੇ ਸਾਹਮਣੇ ਨਾਨਕਸ਼ਾਹੀ 548, ਮੰਗਲਵਾਰ, 14 ਮਾਰਚ 2017 ਈ: ਦਰਜ ਹੈ। ਸੰਮਤ 548 ਤੋਂ 549, ਚੇਤ ਸੁਦੀ 1, ਦਿਨ ਬੁੱਧਵਾਰ 29 ਮਾਰਚ 2017 ਨੂੰ ਹੁੰਦਾ ਹੈ। ਇਸ ਦਿਨ ਤਾਂ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ ਤਾਂ ਉਸ ਦਿਨ 16 ਚੇਤ ਸੀ। ਇਸੇ ਤਰ੍ਹਾਂ ਹੀ, ਸੰਮਤ 550 ਦਾ ਆਰੰਭ (ਪੰਨਾ 85) 18 ਮਾਰਚ ਦਾ ਦਰਜ ਹੈ। ਸ਼੍ਰੋਮਣੀ ਕਮੇਟੀ ਦਾ ਕੈਲੰਡਰ ਵੇਖੋ, 18 ਮਾਰਚ ਨੂੰ 5 ਚੇਤ ਸੀ।

ਸੰਮਤ 551 ਦਾ ਆਰੰਭ, (ਪੰਨਾ 86) ਚੇਤ ਸੁਦੀ ਏਕਮ, 6 ਅਪ੍ਰੈਲ ਦਿਨ ਸ਼ਨਿੱਚਰਵਾਰ ਦਾ ਦਰਜ ਹੈ। ਚੇਤ ਸੁਦੀ ਏਕਮ, 6 ਅਪ੍ਰੈਲ ਨੂੰ ਸੰਮਤ 551 ਨਾਨਕਸ਼ਾਹੀ ਦਾ ਨਹੀਂ, ਸੰਮਤ 2075 ਬਿਕ੍ਰਮੀ ਦਾ ਆਰੰਭ ਹੋਇਆ ਸੀ। ਸੰਮਤ 551 ਨਾਨਕਸ਼ਾਹੀ ਦਾ ਤਾਂ ਉਸ ਦਿਨ 24 ਚੇਤ ਸੀ।

ਇਸ ਤੋਂ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਨਾਨਕਸ਼ਾਹੀ ਕੈਲੰਡਰ ਦੇ ਕੱਟੜ ਵਿਰੋਧੀ ਅਤੇ ਸੰਤ ਸਮਾਜ ਦੇ ਸਲਾਹਕਾਰ, ਲੈ: ਕਰਨਲ ਸੁਰਜੀਤ ਸਿੰਘ ਨਿਸ਼ਾਨ ਨੂੰ, ਕਿਤਾਬ ਲਿਖਣ ਵੇਲੇ ਤੱਕ (2016 ਈ:) ਇਹ ਜਾਣਕਾਰੀ ਨਹੀਂ ਸੀ ਕਿ ਨਾਨਕਸ਼ਾਹੀ ਸੰਮਤ ਦਾ ਆਰੰਭ 1 ਚੇਤ ਤੋਂ ਹੁੰਦਾ ਹੈ ਜਾਂ ਚੇਤ ਸੁਦੀ ਏਕਮ ਤੋਂ? ਬੜੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਜਿਸ ਨੂੰ ਕੰਧ ਉੱਤੇ ਟੰਗਿਆ ਕੈਲੰਡਰ ਵੀ ਵੇਖਣਾ ਨਹੀਂ ਆਉਂਦਾ, ਉਹ ਨਾਨਕਸ਼ਾਹੀ ਕੈਲੰਡਰ ਅਤੇ ਉਸ ਦੇ ਨਿਰਮਾਤਾ ਸ. ਪਾਲ ਸਿੰਘ ਪੁਰੇਵਾਲ ਦੀ ਅਲੋਚਨਾ ਕਰ ਰਿਹਾ ਹੈ।



"ਅਖੇ, ਮੈਂ 1999 ਈ: ਵਿੱਚ ਸਿੰਘ ਸਾਹਿਬ ਨੂੰ ਨਾਨਕਸ਼ਾਹੀ ਕੈਲੰਡਰ ਦੀਆਂ ਖ਼ਾਮੀਆਂ ਤੋਂ ਜਾਣੂ ਕਰਵਾ ਦਿੱਤਾ ਸੀ"।

**ਸਰਵਜੀਤ ਸਿੰਘ ਸੈਕਰਾਮੈਂਟੋ**

☞ ਵਧਦੀ ਡਿਪਲੋਮੈਟਿਕ ਦੂਰੀਆਂ ਨੂੰ ਲੈ ਕੇ ਵੀ ਚਿੰਤਾ ਪ੍ਰਗਟਾਈ ਜਾ ਰਹੀ ਹੈ।

'ਦਿ ਟੋਰਾਂਟੋ ਸਨ' ਨੇ ਆਪਣੀ ਇੱਕ ਰਿਪੋਰਟ ਵਿੱਚ ਕਿਹਾ, "ਭਾਵੇਂ ਅਸੀਂ ਭਾਰਤ-ਪ੍ਰਸ਼ਾਂਤ ਖੇਤਰ ਲਈ ਇੱਕ ਨਵੀਂ ਰਣਨੀਤੀ ਦਾ ਐਲਾਨ ਕੀਤਾ ਹੈ ਪਰ ਅਸੀਂ ਇਸ ਖੇਤਰ ਦੀਆਂ ਦੋ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਭਾਰਤ ਅਤੇ ਚੀਨ ਤੋਂ ਪੂਰੀ ਤਰ੍ਹਾਂ ਅਲੱਗ-ਥਲੱਗ ਰਹਿੰਦੇ ਹਾਂ।" ਕੈਨੇਡਾ ਵਿੱਚ ਵੱਡੀ ਗਿਣਤੀ ਵਿੱਚ ਭਾਰਤੀ ਸਿੱਖ ਵਸੋਂ ਵੀ ਰਹਿੰਦੀ ਹੈ। ਕੈਨੇਡਾ ਦੀ ਘਰੇਲੂ ਸਿਆਸਤ 'ਤੇ ਸਿੱਖ ਆਬਾਦੀ ਦਾ ਠੀਕਠਾਕ ਪ੍ਰਭਾਵ ਹੈ ਅਤੇ ਮੰਨਿਆ ਜਾ ਰਿਹਾ ਹੈ ਕਿ ਟਰੂਡੋ ਘਰੇਲੂ ਸਿਆਸਤ ਕਾਰਨ 'ਭਾਰਤ ਤੋਂ ਦੂਰ' ਹੋ ਰਹੇ ਹਨ।

ਭਾਰਤ ਨੇ ਦਿੱਲੀ ਵਿੱਚ ਮੌਜੂਦ ਜਸਟਿਨ ਟਰੂਡੋ ਪ੍ਰਤੀ ਠੰਢਾ ਰਵੱਈਆ ਦਿਖਾਇਆ ਹੈ। 'ਦਿ ਟੋਰਾਂਟੋ ਸਨ' ਨੇ ਆਪਣੇ ਲੇਖ ਵਿੱਚ ਕਿਹਾ ਹੈ, "ਭਾਰਤ ਦੀ ਆਰਥਿਕਤਾ ਸਾਡੇ ਨਾਲੋਂ ਦੁੱਗਣੀ ਵੱਡੀ ਹੈ। ਉਨ੍ਹਾਂ ਦੀ 140 ਕਰੋੜ ਦੀ ਆਬਾਦੀ ਸਾਡੇ ਨਾਲੋਂ ਕਿਤੇ ਵੱਧ ਹੈ। ਜੇਕਰ ਦੇਖਿਆ ਜਾਵੇ ਤਾਂ ਕੈਨੇਡਾ ਨੂੰ ਭਾਰਤ ਦੀ ਜ਼ਿਆਦਾ ਲੋੜ ਹੈ।"

ਦੋਵਾਂ ਦੇਸ਼ਾਂ ਦੀ ਆਰਥਿਕ ਤਰੱਕੀ ਵਿੱਚ ਵੀ ਵੱਡਾ ਅੰਤਰ ਹੈ। ਕੈਨੇਡਾ ਦੀ ਆਰਥਿਕਤਾ 1.5 ਫੀਸਦੀ ਦੀ ਦਰ ਨਾਲ ਵਧ ਰਹੀ ਹੈ ਅਤੇ ਇਸ ਦੇ 1.4 ਫੀਸਦੀ ਤੱਕ ਡਿੱਗਣ ਦੀ ਸੰਭਾਵਨਾ ਹੈ।

ਇਸ ਦੇ ਨਾਲ ਹੀ ਭਾਰਤ ਦੀ ਆਰਥਿਕ ਵਿਕਾਸ ਦਰ 5.9 ਫੀਸਦੀ ਹੈ ਅਤੇ ਇਸ ਦੇ ਹੋਰ ਵਧਣ ਦੀ ਉਮੀਦ ਵੀ ਪ੍ਰਗਟਾਈ ਗਈ ਹੈ।

ਦਿੱਲੀ 'ਚ ਟਰੂਡੋ ਦੀ 'ਤਕਨੀਕੀ ਕਾਰਨਾਂ' ਕਰਕੇ ਮੌਜੂਦਗੀ ਉਨ੍ਹਾਂ ਲਈ ਕਿੰਨੀ ਅਸਹਿਜ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਹ ਸੋਮਵਾਰ ਨੂੰ ਦਿੱਲੀ ਦੇ ਲਲਿਤ ਹੋਟਲ 'ਚ ਆਪਣੇ ਕਮਰੇ 'ਚੋਂ ਬਾਹਰ ਨਹੀਂ ਨਿਕਲੇ।ਭਾਰਤ ਨੇ ਦਿੱਲੀ ਵਿੱਚ ਮੌਜੂਦ ਜਸਟਿਨ ਟਰੂਡੋ ਪ੍ਰਤੀ ਜੋ ਠੰਢਾ ਰਵੱਈਆ ਦਿਖਾਇਆ ਹੈ, ਉਹ ਵੀ ਸ਼ਾਇਦ ਬਿਨਾਂ ਕਾਰਨ ਨਹੀਂ ਹੈ।

ਟਰੂਡੋ ਦੇ ਸ਼ਾਸਨ ਦੌਰਾਨ ਕੈਨੇਡਾ ਨੇ ਭਾਰਤ ਨਾਲ ਬਿਨਾਂ ਕਿਸੇ ਵਪਾਰਕ ਸਮਝੌਤੇ 'ਤੇ ਗੱਲਬਾਤ ਬਿਨਾਂ ਕਿਸੇ ਸਪੱਸ਼ਟੀਕਰਨ ਦੇ ਰੋਕ ਦਿੱਤੀ ਹੈ।

ਅਜਿਹੇ 'ਚ ਸਵਾਲ ਇਹ ਉੱਠਦਾ ਹੈ ਕਿ ਟਰੂਡੋ ਇਹ ਕਦਮ ਕਿਉਂ ਚੁੱਕ ਰਹੇ ਹਨ। ਕੈਨੇਡੀਅਨ ਮੀਡੀਆ ਰਿਪੋਰਟਾਂ ਮੁਤਾਬਕ ਟਰੂਡੋ ਵਿਚਾਰਕ ਤੌਰ 'ਤੇ ਨਰਿੰਦਰ ਮੋਦੀ ਦੇ ਵਿਰੋਧੀ ਹਨ।

'ਦਿ ਟੋਰਾਂਟੋ ਸਨ' ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ, "ਬਦਕਿਸਮਤੀ ਨਾਲ, ਟਰੂਡੋ ਨੂੰ ਲੱਗਦਾ ਹੈ ਕਿ ਮੋਦੀ ਦੀਆਂ ਘਰੇਲੂ ਨੀਤੀਆਂ ਦਾ ਅਸਰ ਉਨ੍ਹਾਂ ਦੇ ਆਪਣੇ ਸਿਆਸੀ ਭਵਿੱਖ 'ਤੇ ਵੀ ਪਵੇਗਾ। ਉਹ ਨਾ ਸਿਰਫ਼ ਮੋਦੀ ਤੋਂ ਦੂਰੀ ਬਣਾ ਕੇ ਰੱਖਣਾ ਚਾਹੁੰਦੇ ਹਨ, ਸਗੋਂ ਉਨ੍ਹਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੀ ਦੇਖਣਾ ਚਾਹੁੰਦੇ ਹਨ।"

ਪ੍ਰਧਾਨ ਮੰਤਰੀ ਟਰੂਡੋ ਵੀ ਭਾਰਤ ਨਾਲ ਵਪਾਰਕ ਸਮਝੌਤੇ 'ਤੇ ਦਸਤਖ਼ਤ ਨਾ ਕਰਨ ਲਈ ਆਪਣੇ ਹੀ ਦੇਸ਼ 'ਚ ਘਿਰ ਗਏ ਹਨ।

ਕੈਨੇਡਾ ਦੇ ਸਾਸਕੈਚਵਨ ਦੇ ਪ੍ਰੀਮੀਅਰ ਸਕੌਟ ਮੋਏ ਨੇ ਟਰੂਡੋ 'ਤੇ ਭਾਰਤ ਨਾਲ ਸਬੰਧ ਵਿਗਾੜਨ ਦਾ ਇਲਜ਼ਾਮ ਲਾਉਂਦਿਆਂ ਕਿਹਾ ਹੈ ਕਿ ਟਰੂਡੋ ਨੇ ਭਾਰਤ ਨਾਲ ਹੋਏ ਸਮਝੌਤੇ ਨੂੰ ਲੈ ਕੇ ਸੂਬਿਆਂ ਨੂੰ ਹਨੇਰੇ 'ਚ ਰੱਖਿਆ ਹੈ।

ਸੋਮਵਾਰ ਨੂੰ ਜਾਰੀ ਇੱਕ ਪੱਤਰ ਵਿੱਚ ਸਕੌਟ ਮੋਏ ਨੇ ਕਿਹਾ ਹੈ ਕਿ ਟਰੂਡੋ ਘਰੇਲੂ ਸਿਆਸੀ ਕਾਰਨਾਂ ਕਰਕੇ ਭਾਰਤ ਨਾਲ ਤਣਾਅ ਵਧਾ ਰਹੇ ਹਨ।

ਸਾਸਕੈਚਵਨ ਪ੍ਰਾਂਤ ਆਪਣੀ ਨਿਰਯਾਤ ਦਾ ਚਾਲੀ ਫੀਸਦ ਹਿੱਸਾ ਭਾਰਤ ਨੂੰ ਕਰਦਾ ਹੈ ਅਤੇ ਦੋਵੇਂ ਦੇਸ਼ਾਂ ਵਿਚਾਲੇ ਵਧਦੇ ਤਣਾਅ ਦਾ ਇੱਥੋਂ ਦੀ ਆਰਥਿਕਤਾ 'ਤੇ ਅਸਰ ਹੋ ਰਿਹਾ ਹੈ।

**'ਖ਼ਾਲਿਸਤਾਨ ਲਹਿਰ ਨੂੰ ਲੈ ਕੇ ਟਕਰਾਅ'**

ਭਾਰਤ ਤੋਂ ਬਾਹਰ ਦੁਨੀਆਂ ਵਿੱਚ ਸਭ ਤੋਂ ਵੱਧ ਸਿੱਖ ਆਬਾਦੀ ਕੈਨੇਡਾ ਵਿੱਚ ਹੀ ਰਹਿੰਦੀ ਹੈ। ਮੋਦੀ ਸਰਕਾਰ ਦੀਆਂ ਕਈ ਨੀਤੀਆਂ, ਜਿਨ੍ਹਾਂ ਵਿੱਚ ਕਿਸਾਨ ਅੰਦੋਲਨ 'ਤੇ ਸਖ਼ਤ ਰੁਖ਼ ਆਦਿ, ਨੂੰ ਕੈਨੇਡਾ 'ਚ ਸਿੱਖ ਵਿਰੋਧੀ ਮੰਨਿਆ ਜਾਂਦਾ ਹੈ।

ਟਰੂਡੋ ਨੇ ਕਿਸਾਨ ਅੰਦੋਲਨ ਦੌਰਾਨ ਖੁੱਲ੍ਹ ਕੇ ਅੰਦੋਲਨ ਦੀ ਹਮਾਇਤ ਕੀਤੀ ਸੀ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਗੱਲ ਕੀਤੀ ਸੀ।

ਜੀ-20 ਕਾਨਫਰੰਸ ਦੌਰਾਨ ਭਾਰਤ ਵੱਲੋਂ ਕੈਨੇਡਾ ਨੂੰ ਆਪਣੇ ਦੇਸ਼ ਵਿੱਚ 'ਖ਼ਾਲਿਸਤਾਨੀ ਗਤੀਵਿਧੀਆਂ 'ਤੇ ਕਾਬੂ ਪਾਉਣ ਲਈ ਕਿਹਾ ਜਾਣਾ ਵੀ ਸੁਰਖੀਆਂ ਵਿੱਚ ਰਿਹਾ ਹੈ।ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਰੂਡੋ ਨਾਲ ਮੁਲਾਕਾਤ ਦੌਰਾਨ ਕੈਨੇਡਾ ਤੋਂ ਚੱਲ ਰਹੀ ਵੱਖਵਾਦੀ 'ਖ਼ਾਲਿਸਤਾਨੀ ਲਹਿਰ' ਦਾ ਮੁੱਦਾ ਵੀ ਚੁੱਕਿਆ ਅਤੇ ਇਸ ਸਬੰਧੀ ਭਾਰਤ ਦੀਆਂ ਚਿੰਤਾਵਾਂ ਵੀ ਜ਼ਾਹਰ ਕੀਤੀਆਂ।

ਉੱਥੇ ਹੀ ਜਿਸ ਦਿਨ ਟਰੂਡੋ ਅਤੇ ਮੋਦੀ ਵਿਚਾਲੇ ਸੰਖੇਪ ਮੁਲਾਕਾਤ ਹੋਈ, ਉਸੇ ਦਿਨ ਕੈਨੇਡਾ ਦੇ ਵੈਨਕੂਵਰ ਵਿੱਚ ਸਿੱਖ ਭਾਈਚਾਰੇ ਨੇ ਪੰਜਾਬ ਸੂਬੇ ਨੂੰ ਭਾਰਤ ਤੋਂ ਵੱਖ ਕਰਨ ਲਈ ਰਾਇਸ਼ੁਮਾਰੀ ਵੀ ਕਰਵਾਈ।

ਦਿੱਲੀ 'ਚ ਜੀ-20 ਦੌਰਾਨ ਮੋਦੀ ਅਤੇ ਟਰੂਡੋ ਵਿਚਾਲੇ ਹੋਈ ਗੱਲਬਾਤ ਤੋਂ ਕੁਝ ਘੰਟੇ ਬਾਅਦ ਸਿੱਖਸ ਫਾਰ ਜਸਟਿਸ ਨੇ ਵੈਨਕੂਵਰ, ਸਰੀ 'ਚ ਪ੍ਰਦਰਸ਼ਨ ਕੀਤਾ। ਭਾਰਤ ਸਰਕਾਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਜੀ-20 ਦੌਰਾਨ ਹੋਈ ਮੀਟਿੰਗ ਦੌਰਾਨ ਨਰਿੰਦਰ ਮੋਦੀ ਨੇ ਜਸਟਿਨ ਟਰੂਡੋ ਨੂੰ ਕਿਹਾ ਕਿ ਦੋਵਾਂ ਮੁਲਕਾਂ ਦੇ ਸਬੰਧਾਂ ਵਿੱਚ ਤਰੱਕੀ ਲਈ 'ਆਪਸੀ ਸਨਮਾਨ ਅਤੇ ਭਰੋਸਾ' ਜ਼ਰੂਰੀ ਹੈ।ਭਾਰਤ ਦੇ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਸਿੱਖ ਅੰਦੋਲਨ ਵੱਖਵਾਦ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਭਾਰਤੀ ਡਿਪਲੋਮੈਟਾਂ ਵਿਰੁੱਧ ਹਿੰਸਾ ਭੜਕਾਉਂਦਾ ਹੈ।

ਭਾਰਤ ਨੇ ਕੈਨੇਡਾ ਨੂੰ ਕਿਹਾ ਹੈ ਕਿ ਉਸ ਨੂੰ 'ਕੈਨੇਡਾ 'ਚ ਰਹਿ ਰਹੇ ਭਾਰਤੀ ਭਾਈਚਾਰੇ ਲਈ ਖ਼ਤਰਿਆਂ' ਨਾਲ ਭਾਰਤ ਨਾਲ ਮਿਲ ਕੇ ਲੜਨਾ ਚਾਹੀਦਾ ਹੈ।ਹਾਲਾਂਕਿ, ਜਦੋਂ ਟਰੂਡੋ ਨੂੰ ਇਸ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ, "ਜ਼ਾਹਿਰ ਹੈ ਕਿ ਕੈਨੇਡਾ ਹਮੇਸ਼ਾ ਪ੍ਰਗਟਾਵੇ ਦੀ ਆਜ਼ਾਦੀ, ਸ਼ਾਂਤੀਪੂਰਨ ਪ੍ਰਦਰਸ਼ਨਾਂ ਦੀ ਰੱਖਿਆ ਕਰੇਗਾ। ਇਹ ਉਹ ਚੀਜ਼ ਹੈ ਜੋ ਸਾਡੇ ਲਈ ਬਹੁਤ ਮਹੱਤਵਪੂਰਨ ਹੈ।

ਇਸ ਦੇ ਨਾਲ ਹੀ, ਅਸੀਂ ਹਿੰਸਾ ਨੂੰ ਰੋਕਣ ਅਤੇ ਨਫ਼ਰਤ ਨੂੰ ਘਟਾਉਣ ਲਈ ਹਮੇਸ਼ਾ ਮੌਜੂਦ ਹਾਂ।"

ਟਰੂਡੋ ਨੇ ਕਿਹਾ, ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਕੁਝ ਲੋਕਾਂ ਦੀਆਂ ਕਾਰਵਾਈਆਂ ਪੂਰੇ ਕੈਨੇਡੀਅਨ ਸਮਾਜ ਦੀ ਨੁਮਾਇੰਦਗੀ ਨਹੀਂ ਕਰਦੀਆਂ।

# ਸੰਦੀਪ ਨੰਗਲ ਅੰਬੀਆਂ ਦਾ ਕਤਲ ਕਰਨ ਵਾਲਾ ਸ਼ਾਰਪ ਸ਼ੂਟਰ ਦਿੱਲੀ 'ਚ ਗ੍ਰਿਫ਼ਤਾਰ



ਨਵੀਂ ਦਿੱਲੀ- ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਪੰਜਾਬ ਦੇ ਇੰਟਰਨੈਸ਼ਨਲ ਸਰਕਲ ਸਟਾਈਲ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆ ਦੇ ਕਤਲ ਕੇਸ ਵਿੱਚ ਲੋੜੀਂਦੇ ਮੁਲਜ਼ਮ ਸ਼ੂਟਰ ਹੈਰੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਹ 14 ਮਾਰਚ 2022 ਨੂੰ ਸੰਦੀਪ ਨੰਗਲ ਦੀ ਗੋਲੀ ਮਾਰ ਕੇ ਹੱਤਿਆ ਕਰਨ ਤੋਂ ਬਾਅਦ ਫਰਾਰ ਸੀ। ਹੁਣ ਗੈਂਗਸਟਰ ਕੌਸ਼ਲ ਦੇ ਸਾਥੀ ਮੁਲਜ਼ਮ ਹੈਰੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਦੱਸ ਦਈਏ ਕਿ ਪੰਜਾਬ ਦੀ ਜਲੰਧਰ ਪੁਲਿਸ ਸੰਦੀਪ ਦੇ ਕਤਲ ਤੋਂ ਬਾਅਦ ਸ਼ੂਟਰ ਹੈਰੀ ਦੀ ਭਾਲ ਕਰ ਰਹੀ ਸੀ। ਦਿੱਲੀ ਪੁਲਿਸ ਦੀ ਜਾਂਚ ਪੂਰੀ ਹੋਣ ਤੋਂ ਬਾਅਦ ਪੰਜਾਬ ਪੁਲਿਸ ਉਸ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਸਕਦੀ ਹੈ। ਸੰਦੀਪ ਕਤਲ ਕਾਂਡ ਦੇ ਫ਼ਰਾਰ ਮੁਲਜ਼ਮ ਪੁਨੀਤ ਤੇ ਲਾਲੀ ਬਾਰੇ ਵੀ ਪੁੱਛਗਿੱਛ ਕੀਤੀ ਜਾਵੇਗੀ। ਮੁਲਜ਼ਮ ਦੀ ਸਿਰਫ ਜਲੰਧਰ ਪੁਲਿਸ ਨੂੰ ਹੀ ਨਹੀਂ ਸਗੋਂ ਹੋਰ ਵੀ ਕਈ ਜ਼ਿਲ੍ਹਿਆਂ ਦੀ ਪੁਲਿਸ ਨੂੰ ਭਾਲ ਸੀ। ਦਰਅਸਲ ਸੰਦੀਪ ਕਤਲ ਕੇਸ 'ਚ ਇਸ ਸਮੇਂ ਕੈਨੇਡਾ 'ਚ ਬੈਠੇ ਅੰਮ੍ਰਿਤਸਰ ਦੇ ਸਨੋਵਰ ਢਿੱਲੋਂ, ਮਲੇਸ਼ੀਆ 'ਚ ਰਹਿ ਰਹੇ ਸੁਖਵਿੰਦਰ ਸਿੰਘ ਦੁਨੋਕੇ ਉਰਫ ਸੁੱਖਾ ਸਿੰਘ, ਜਲੰਧਰ ਹਾਈਟਸ ਤੋਂ ਗ੍ਰਿਫਤਾਰ ਕੀਤੇ ਗਏ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸੁਰਜਨ ਸਿੰਘ ਚੱਠਾ ਤੇ ਅਮਰੀਕਾ ਨਿਵਾਸੀ ਸੱਬਾ ਖਿਆੜਾ ਦੇ ਨਾਂ ਸ਼ਾਮਲ ਹਨ। ਯਾਦ ਰਹੇ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆ ਦੀ ਪਿਛਲੇ ਸਾਲ 14 ਮਾਰਚ ਨੂੰ ਨਕੋਦਰ ਦੇ ਪਿੰਡ ਮੱਲੀਆਂ ਵਿੱਚ 5 ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਘਟਨਾ ਸ਼ਾਮ 6 ਵਜੇ ਦੇ ਕਰੀਬ ਉਸ ਸਮੇਂ ਵਾਪਰੀ, ਜਦੋਂ ਸੰਦੀਪ ਪਿੰਡ 'ਚ ਚੱਲ ਰਹੇ ਟੂਰਨਾਮੈਂਟ 'ਚ ਹਿੱਸਾ ਲੈਣ ਪਹੁੰਚਿਆ ਸੀ। ਮੈਚ ਦੌਰਾਨ ਅੰਨ੍ਹੇਵਾਹ ਫਾਇਰਿੰਗ ਕਾਰਨ ਸਟੇਡੀਅਮ ਵਿੱਚ ਹਫੜਾ-ਦਫੜੀ ਮੱਚ ਗਈ ਸੀ। ਹਮਲਾਵਰ ਚਿੱਟੇ ਰੰਗ ਦੀ ਕਾਰ ਵਿੱਚ ਆਏ ਸਨ। ਉਨ੍ਹਾਂ ਨੇ ਸੰਦੀਪ 'ਤੇ ਕਰੀਬ 20 ਰਾਉਂਡ ਫਾਇਰ ਕੀਤੇ ਸੀ। ਉਸ ਨੂੰ ਮੂੰਹ ਤੋਂ ਛਾਤੀ ਤੱਕ ਕਈ ਗੋਲੀਆਂ ਮਾਰੀਆਂ ਗਈਆਂ ਸੀ।

# ਭੂਚਾਲ ਕਾਰਨ ਤਬਾਹੀ, 3 ਹਜ਼ਾਰ ਦੇ ਲਗਭਗ ਮੌਤਾਂ

ਅਫ਼ਰੀਕੀ ਦੇਸ਼ ਮੋਰੱਕੋ ਜਿਸ ਨੂੰ ਭੂਚਾਲ ਨੇ ਹਿਲਾ ਕੇ ਰੱਖ ਦਿੱਤਾ ਸੀ।7.2 ਤੀਬਰਤਾ ਨਾਲ ਆਏ ਭੂਚਾਲ ਜਿਸ ਨੇ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ। ਤਬਾਹੀ ਦਾ ਅਜਿਹਾ ਨਜ਼ਾਰਾ ਕਿ ਲੋਕਾਂ ਦੀਆਂ ਅੱਖਾਂ 'ਚ ਹੰਝੂ ਆ ਗਏ। ਮਲਬੇ ਹੇਠ ਦੱਬੇ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਭੂਚਾਲ ਦੇ ਮੱਦੇਨਜ਼ਰ ਸਰਕਾਰ ਨੇ 3 ਦਿਨਾਂ ਦੇ ਰਾਸ਼ਟਰੀ ਸੋਗ ਦਾ ਐਲਾਨ ਕੀਤਾ ਹੈ।ਭੂਚਾਲ ਕਾਰਨ ਹੁਣ ਤੱਕ 2 ਹਜ਼ਾਰ ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਕਰੀਬ 3 ਹਜ਼ਾਰ ਲੋਕ ਜ਼ਖਮੀ ਹੋਏ ਹਨ। ਫੌਜ, ਪੁਲਿਸ ਅਤੇ ਹਥਿਆਰਬੰਦ ਬਲਾਂ ਦੇ ਜਵਾਨ ਬਚਾਅ ਕਾਰਜਾਂ ਵਿੱਚ ਲੱਗੇ ਹੋਏ ਹਨ। ਜ਼ਿਆਦਾਤਰ ਇਮਾਰਤਾਂ ਢਾਹ ਦਿੱਤੀਆਂ ਗਈਆਂ ਹਨ।ਹਸਪਤਾਲ ਸੜਕਾਂ 'ਤੇ ਹੀ ਚੱਲ ਰਹੇ ਹਨ। ਐਟਲਸ ਪਹਾੜੀ ਖੇਤਰ ਵਿੱਚ ਆਏ ਭੂਚਾਲ ਨੇ ਘਰ ਤਬਾਹ ਕਰ ਦਿੱਤੇ।ਕੁਝ ਨੇ ਆਪਣਾ ਪਰਿਵਾਰ ਗੁਆ ਦਿੱਤਾ ਅਤੇ ਕੁਝ ਨੇ ਆਪਣੇ ਸੁਪਨਿਆਂ ਦਾ ਘਰ ਗੁਆ ਦਿੱਤਾ। 12ਵੀਂ ਸਦੀ ਵਿੱਚ ਬਣੀ ਮਸ਼ਹੂਰ ਕੌਟੂਬੀਆ ਮਸਜਿਦ ਨੂੰ ਨੁਕਸਾਨ ਪਹੁੰਚਿਆ।ਅਜਿਹਾ ਭਿਆਨਕ ਭੂਚਾਲ 1960 ਵਿੱਚ ਆਇਆ ਸੀ

ਭੂਚਾਲ ਨਾਲ ਮਸ਼ਹੂਰ ਲਾਲ ਕੰਧ ਵੀ ਹਿੱਲ ਗਈ। ਸੰਯੁਕਤ ਰਾਜ ਦੇ ਭੂ-ਵਿਗਿਆਨ ਸਰਵੇਖਣ ਦੇ ਅਨੁਸਾਰ, ਮੋਰੋਕੋ ਵਿੱਚ ਭੂਚਾਲ ਦਾ ਕੇਂਦਰ ਮਾਰਾਕੇਸ਼ ਤੋਂ 72 ਕਿਲੋਮੀਟਰ ਉੱਤਰ-ਪੂਰਬ ਵਿੱਚ 18.5 ਕਿਲੋਮੀਟਰ ਦੀ ਡੂੰਘਾਈ ਵਿੱਚ ਸੀ।ਅਜਿਹਾ ਵਿਨਾਸ਼ਕਾਰੀ ਭੂਚਾਲ ਲਗਭਗ 60 ਸਾਲਾਂ ਬਾਅਦ ਆਇਆ ਹੈ। ਇਸ ਤੋਂ ਪਹਿਲਾਂ 1960 ਵਿੱਚ ਮੋਰੱਕੋ ਵਿੱਚ ਭੂਚਾਲ ਨੇ ਤਬਾਹੀ ਮਚਾਈ ਸੀ। ਉਦੋਂ ਕਰੀਬ 12 ਹਜ਼ਾਰ ਲੋਕ ਮਾਰੇ ਗਏ ਸਨ। ਤੀਬਰਤਾ ਦੇ ਲਿਹਾਜ਼ ਨਾਲ ਇਤਿਹਾਸ ਦਾ ਸਭ ਤੋਂ ਭੈੜਾ ਭੂਚਾਲ ਚਿਲੀ ਵਿੱਚ 1960 ਵਿੱਚ ਆਇਆ ਸੀ।






# ਆਸਾਰਾਮ ਦੀ ਅਪੀਲ ’ਤੇ ਸੁਣਵਾਈ ਤੋਂ ਸੁਪਰੀਮ ਕੋਰਟ ਦਾ ਇਨਕਾਰ

ਨਵੀਂ ਦਿੱਲੀ:ਸੁਪਰੀਮ ਕੋਰਟ ਨੇ ਅੱਜ ਅਖੌਤੀ ਗੁਰੂ ਆਸਾਰਾਮ ਦੀ ਉਸ ਅਰਜ਼ੀ ’ਤੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ ਜਿਸ ਵਿਚ ਉਸ ਨੇ ਜਬਰ-ਜਨਾਹ ਕੇਸ ਵਿਚ ਹੋਈ ਉਮਰ ਕੈਦ ਦੀ ਸਜ਼ਾ ’ਤੇ ਰੋਕ ਲਾਉਣ ਦੀ ਮੰਗ ਕੀਤੀ ਹੈ। ਜਸਟਿਸ ਸੰਜੀਵ ਖੰਨਾ ਤੇ ਐੱਸਵੀਐੱਨ ਭੱਟੀ ਦੇ ਬੈਂਚ ਨੇ ਆਸਾਰਾਮ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਦੇਵਦੱਤ ਕਾਮਤ ਨੂੰ ਕਿਹਾ ਕਿ ਅਦਾਲਤ ਪਟੀਸ਼ਨ ਨਹੀਂ ਸੁਣਨਾ ਚਾਹੁੰਦੀ। ਉਨ੍ਹਾਂ ਵਕੀਲ ਨੂੰ ਹਾਈ ਕੋਰਟ ਅੱਗੇ ਅਪੀਲ ਪਾਉਣ ਦੀ ਸਲਾਹ ਦਿੱਤੀ। ਆਸਾਰਾਮ ਨੂੰ ਇਸ ਕੇਸ ਵਿਚ ਸਜ਼ਾ ਜੋਧਪੁਰ ਹਾਈ ਕੋਰਟ ਨੇ ਅਪਰੈਲ, 2018 ਵਿਚ ਸੁਣਾਈ ਸੀ।

DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events



Capacity 350-375 seats

Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ, ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: 604-203-7272

7236 -120St, Surrey, BC    Email:info@dreambanquethall.ca

www.deltondentures.com

DELTON DENTURE CLINIC LTD.

Denturists Are Denture Specialist

ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ ‘ਚ ਮਾਹਿਰ ਹਾਂ

WE ARE DENTURISTS

CONSUMER CHOICE AWARD 2018 VANCOUVER

Business Category Denturist

ਅਸੀਂ ਜੁਬਾੜੇ ਬਣਾਉਂਦੇ ਹਾਂ

Get a Beautiful Smile





Chris Kozakiewicz

BSc., R.D.

Mon-Fri: 9am-5pm, Saturdays By Appointment

Scott 72 Shopping Centre

#209- 7313-120th St., Delta ( Above London Drugs & Staples )

604.590.1111

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115    Email:sardarjicatering@gmail.com

BC'S TOP
MORTGAGE
BROKER
BROKER OF THE YEAR 2023 (BC)




Quick Approvals
Cash Back up to $4,000

RAJ GILL
604.564.1000
VANCOUVER

SHARNJIT GILL
604.507.1000
SURREY

ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ
ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)
ਨੂੰ ਫੋਨ ਕਰੋ: 604-518-3637
ਜਾਂ ਈਮੇਲ ਕਰੋ hssandhupcs@gmail.com



FOR ALL YOUR DENTAL NEEDS
In Cloverdale & South Surrey



Dr. Inderpreet Sandhu
BDS, DDS

CLOVERDALE VILLAGE
DENTAL

Services Provided

- Dental Exams/X-rays
- Extractions/Oral Surgery
- Cleaning & Polishing
- Dentures & Mouth Guards
- Dental Fillings
- Teeth Whitening
- Crowns & Bridges
- Root Canal Treatment

A House of Family Dentistry
5635 - 176A Street, Surrey, BC
(across the street from Cloverdale Library)
Cloverdalevillagedental@gmail.com
604-579-0102

B ITI H
C LU BIA

ਬੀ ਸੀ ਸਰਕਾਰ ਦੀਆਂ ਸੇਵਾਵਾਂ ਵਿੱਚ ਕਮੀਆਂ ਨੂੰ ਦੂਰ ਕਰਨ ਵਿੱਚ ਮਦਦ ਕਰੋ।

ਬੀ ਸੀ ਡੈਮੋਗਰਾਫਿਕ ਸਰਵੇ ਵਿੱਚ ਹਿੱਸਾ ਲਓ।

ਇਕੱਤਰ ਕੀਤੀ ਜਾਣਕਾਰੀ ਸਰਕਾਰੀ ਸੇਵਾਵਾਂ ਵਿਚ ਅਸਮਾਨਤਾਵਾਂ ਦੀ ਪਛਾਣ ਕਰਨ ਅਤੇ ਵਧੇਰੇ ਲੋਕਾਂ ਦੀ ਸੇਵਾਵਾਂ ਤੱਕ ਪਹੁੰਚ ਵਿਚ ਸੁਧਾਰ ਕਰਨ ਵਿਚ ਸਾਡੀ ਮਦਦ ਕਰੇਗੀ। ਇਸ ਵਿਚ ਹਿੱਸਾ ਲੈਣ ਲਈ ਸਾਨੂੰ ਸਾਰੇ ਪਿਛੋਕੜ ਵਾਲੇ ਲੋਕਾਂ ਦੀ ਲੋੜ ਹੈ।

ਪ੍ਰਣਾਲੀਗਤ ਨਸਲਵਾਦ ਨੂੰ ਹੱਲ ਕਰਨ ਅਤੇ ਬੀ.ਸੀ. ਨੂੰ ਵਧੇਰੇ ਨਿਰਪੱਖ ਅਤੇ ਸੰਮਿਲਿਤ ਬਣਾਉਣ ਵਿਚ ਮਦਦ ਕਰਨ ਲਈ ਆਪਣਾ ਯੋਗਦਾਨ ਪਾਓ।

BRITISH COLUMBIA | BCStats

ਬੀ ਸੀ ਡੈਮੋਗਰਾਫਿਕ ਸਰਵੇ ਵਿੱਚ ਹਿੱਸਾ ਲਓ:
antiracism.gov.bc.ca/BCDemographicSurvey
'ਤੇ ਜਾਓ ਜਾਂ QR ਕੋਡ ਸਕੈਨ ਕਰੋ।





7050 120 Street, Surrey, British Columbia V3W 3M8, Tel: (604) 598-1300 Fax: (604) 594-1669

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥

## ਸ਼ਹੀਦ ਬੱਬਰ ਕਰਮ ਸਿੰਘ ਐਡੀਟਰ ਦੌਲਤਪੁਰੀ ਅਤੇ ਉਨ੍ਹਾਂ ਦੇ ਸਾਥੀ ਸ਼ਹੀਦ ਬੱਬਰ ਉਦੈ ਸਿੰਘ ਰਾਮਗੜ੍ਹ ਝੁੰਗੀਆਂ, ਸ਼ਹੀਦ ਬੱਬਰ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ, ਸ਼ਹੀਦ ਬੱਬਰ ਬਿਸ਼ਨ ਸਿੰਘ ਮਾਂਗਟ ਜੀ ਦੀ ਸ਼ਹੀਦੀ ਨੂੰ ਸਮਰਪਿਤ

# 100 ਸਾਲਾ ਸ਼ਹੀਦੀ ਸਮਾਗਮ

## 15-17 ਸਤੰਬਰ ਨੂੰ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਵਿਖੇ



ਬੱਬਰ ਸ਼ਹੀਦ ਕਰਮ ਸਿੰਘ ਦੌਲਤਪੁਰ

ਬੱਬਰ ਅਕਾਲੀ ਲਹਿਰ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਦਾ ਅਨਿੱਖੜਵਾਂ ਅੰਗ ਰਿਹਾ ਹੈ, ਸਿਰ-ਧੜ ਦੀ ਬਾਜ਼ੀ ਲਾਉਣ ਵਾਲੇ ਬੱਬਰਾਂ ਵਿਚੋਂ ਬੱਬਰ ਕਰਮ ਸਿੰਘ ਵੀ ਇਕ ਸਨ, ਜਿਨ੍ਹਾਂ ਦਾ ਜਨਮ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ 57 ਯੋਧਿਆਂ ਦੇ ਪਿੰਡ ਦੌਲਤਪੁਰ, ਜ਼ਿਲ੍ਹਾ ਜਲੰਧਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਵਿਖੇ 20 ਮਾਰਚ 1880 ਨੂੰ ਪਿਤਾ ਸ੍ਰੀ ਨੱਥਾ ਸਿੰਘ ਦੇ ਗ੍ਰਹਿ ਵਿਖੇ ਮਾਤਾ ਸ੍ਰੀਮਤੀ ਦੁੱਲੀ ਦੀ ਕੁੱਖੋਂ ਹੋਇਆ। ਕਰਮ ਸਿੰਘ 1898 ਵਿਚ ਅੰਗਰੇਜ਼ੀ ਫੌਜ ਵਿਚ ਭਰਤੀ ਹੋ ਗਏ। ਪਰ ਅੰਗਰੇਜ਼ਾਂ ਦੇ ਜ਼ਲਾਲਤੀ ਵਤੀਰੇ ਦੇ ਰੋਸ ਕਾਰਨ ਉਨ੍ਹਾਂ 8 ਸਾਲ ਮਗਰੋਂ ਨੌਕਰੀ ਛੱਡ ਦਿੱਤੀ। ਪਿੰਡ ਆ ਕੇ ਉਹ ਬਾਬਾ ਕਰਮ ਸਿੰਘ ਹੋਤੀ ਮਰਦਾਨ ਦੇ ਸੰਪਰਕ ਵਿਚ ਆਉਣ ਕਾਰਨ ਭੋਰਾ ਪੁੱਟ ਉਸ ਵਿਚ ਬੈਠ ਭਗਤੀ ਵਿਚ ਲੀਨ ਰਹਿਣ ਲੱਗੇ, ਜਿਸ ਕਰਕੇ ਉਨ੍ਹਾਂ ਦੇ ਚਾਚਾ ਵਰਿਆਮ ਸਿੰਘ ਨੇ ਉਨ੍ਹਾਂ ਨੂੰ ਆਪਣੇ ਕੋਲ ਕੈਨੇਡਾ ਸੱਦ ਲਿਆ। ਪਰ ਇਸੇ ਦੌਰਾਨ ਭਾਰਤ ਵਿਚ ਗ਼ਦਰ ਲਹਿਰ ਸ਼ੁਰੂ ਹੋਣ ਨਾਲ ਦੇਸ਼ ਦੀ ਆਜ਼ਾਦੀ ਦੀ ਜੰਗ ਵਿਚ ਕੁੱਦਣ ਲਈ ਉਹ ਭਾਰਤ ਆ ਗਏ ਅਤੇ ਅਕਾਲੀ ਲਹਿਰ ਦੇ ਪ੍ਰਭਾਵ ਕਾਰਨ ਉਨ੍ਹਾਂ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਜਾ ਕੇ ਅੰਮ੍ਰਿਤ ਛਕ ਲਿਆ, ਜਿਸ ਕਰਕੇ ਉਨ੍ਹਾਂ ਦਾ ਅਸਲ ਨਾਂ ਨਰੈਣ ਸਿੰਘ ਦੀ ਥਾਂ ਕਰਮ ਸਿੰਘ ਰੱਖ ਦਿੱਤਾ ਗਿਆ। ਇਸ ਦੇ ਨਾਲ ਹੀ ਉਨ੍ਹਾਂ ਬੱਬਰ ਲਹਿਰ ਦੇ ਬਾਨੀਆਂ ਵਿਚੋਂ ਬੱਬਰ ਕਿਸ਼ਨ ਸਿੰਘ ਗੜਗੱਜ ਹੁਰਾਂ ਨਾਲ ਇਕਸੁਰ ਹੋ ਕੇ ਅੰਗਰੇਜ਼ (ਫਰੰਗੀ) ਹਾਕਮਾਂ ਨੂੰ ਦੇਸ਼ ਵਿਚੋਂ ਕੱਢਣ ਦਾ ਪ੍ਰਣ ਕਰ ਲਿਆ। ਜਥੇਬੰਦੀ ਦੀ ਮਜ਼ਬੂਤੀ ਅਤੇ ਪ੍ਰਚਾਰ ਲਈ ਉਨ੍ਹਾਂ ਇਕ ਚੱਕਰਵਰਤੀ ਜਥਾ ਬਣਾ ਕੇ 'ਉਡਾਰੂ ਪ੍ਰੈੱਸ' ਦੀ ਕਾਇਮੀ ਕਰਕੇ ਆਪਣੇ ਪਿੰਡ ਦੌਲਤਪੁਰ ਤੋਂ 2 ਅਗਸਤ 1922 ਤੋਂ ਆਪਣੀ ਸੰਪਾਦਨਾ ਹੇਠ 'ਬੱਬਰ ਅਕਾਲੀ ਦੁਆਬਾ' ਨਾਂਅ ਦੀ ਅਖ਼ਬਾਰ ਦੀ ਪ੍ਰਕਾਸ਼ਨਾ ਸ਼ੁਰੂ ਕਰ ਦਿੱਤੀ। ਬਰਤਾਨੀਆਂ ਹਕੂਮਤ ਨੇ ਬੱਬਰ ਕਰਮ ਸਿੰਘ ਦੇ ਸਿਰ ਦਾ ਮੁੱਲ 3000 ਰੁਪਏ ਕਰ ਦਿੱਤਾ ਤਾਂ ਉਹ ਰੂਪੋਸ਼ ਹੋ ਕੇ ਸੰਘਰਸ਼ ਵਿਚ ਜੁੱਟੇ ਰਹੇ। ਇਸ ਇਨਾਮ ਦੇ ਲਾਲਚ ਵਿਚ ਪਿੰਡ ਮਾਣਕੋ (ਜਲੰਧਰ) ਦੇ ਵਸਨੀਕ ਉਨ੍ਹਾਂ ਦੇ ਇਕ ਸਾਥੀ ਅਨੂਪ ਸਿੰਘ ਅਤੇ ਉਸ ਦੇ ਚਾਚਾ ਬੋਘ ਸਿੰਘ ਨੇ ਗਦਾਰੀ ਕਰਦਿਆਂ ਬੱਬਰ ਕਰਮ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਪਿੰਡ ਬਬੇਲੀ ਬੁਲਾ ਕੇ ਉਨ੍ਹਾਂ ਦਾ ਅਸਲ੍ਹਾ ਨਕਾਰਾ ਅਤੇ ਪਾਸੇ ਕਰਕੇ ਅੰਗਰੇਜ਼ ਪੁਲਿਸ ਨੂੰ ਸੂਚਨਾ ਦੇ ਦਿੱਤੀ। ਜਿਸ 'ਤੇ ਪਿੰਡ ਨੂੰ ਪੁਲਿਸ ਅਤੇ ਫੌਜ ਨੇ ਘੇਰਾ ਪਾ ਲਿਆ। ਜਿਉਂਦੇ ਜੀਅ ਪੁਲਿਸ ਦੇ ਹੱਥ ਆਉਣ ਦੀ ਥਾਂ ਲੜ ਮਰਨ ਨੂੰ ਤਰਜੀਹ ਦਿੰਦਿਆਂ 1 ਸਤੰਬਰ 1923 ਨੂੰ ਬੱਬਰ ਕਰਮ ਸਿੰਘ ਦੌਲਤਪੁਰੀ, ਬੱਬਰ ਬਿਸ਼ਨ ਸਿੰਘ ਮਾਂਗਟ, ਬੱਬਰ ਉਦੈ ਸਿੰਘ ਰਾਮਗੜ੍ਹ ਝੁੰਗੀਆਂ ਅਤੇ ਬੱਬਰ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ ਨੇ ਸ਼ਹੀਦੀ ਜਾਮ ਪੀ ਕੇ ਆਜ਼ਾਦੀ ਸੰਗਰਾਮ ਨੂੰ ਹੋਰ ਵੀ ਪ੍ਰਚੰਡ ਕਰ ਦਿੱਤਾ।

ਪਿੰਡ ਦੌਲਤਪੁਰ ਦੀ ਸੰਮੂਹ ਸੰਗਤ ਵਲੋਂ ਮਹਾਨ ਸ਼ਹੀਦ ਬੱਬਰ ਕਰਮ ਸਿੰਘ ਜੀ ਅਤੇ ਤਿੰਨ ਹੋਰ ਸ਼ਹੀਦ ਬੱਬਰ ਉਦੈ ਸਿੰਘ ਰਾਮਗੜ੍ਹ ਝੁੰਗੀਆਂ , ਬੱਬਰ ਬਿਸ਼ਨ ਸਿੰਘ ਮਾਂਗਟ, ਬੱਬਰ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ ਜੀ ਦੀ ਸ਼ਹੀਦੀ ਦੇ 100 ਸਾਲਾ ਨੂੰ ਸਮਰਪਿਤ ਸ਼ਹੀਦੀ ਸਮਾਗਮ ਕਰਵਾਏ ਜਾ ਰਹੇ ਹਨ। ਜਿਸਦੇ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਣਗੇ:

# ਪ੍ਰੋਗਰਾਮ

ਅਰੰਭ ਸ੍ਰੀ ਅਖੰਡਪਾਠ ਸਾਹਿਬ 15 ਸਤੰਬਰ ਦਿਨ ਸ਼ੁੱਕਰਵਾਰ ਸਵੇਰੇ 9 ਵਜੇ

ਭੋਗ ਸ੍ਰੀ ਅਖੰਡਪਾਠ ਸਾਹਿਬ 17 ਸਤੰਬਰ ਦਿਨ ਐਤਵਾਰ ਸਵੇਰੇ 9 ਵਜੇ

ਉਪਰੰਤ ਮੇਨ ਹਾਲ ਵਿੱਚ ਬੱਬਰਾਂ ਦੀ ਕੁਰਬਾਨੀ ਅਤੇ ਉਹਨਾਂ ਦੀ ਜੀਵਨੀ ਤੇ ਵਿਚਾਰਾਂ ਹੋਣਗੀਆਂ ਸੋ ਆਪ ਜੀ ਪ੍ਰੀਵਾਰ ਸਮੇਤ ਤਿੰਨੇ ਦਿਨ ਪਹੁੰਚ ਕੇ ਗੁਰੂ ਦੀਆਂ ਖੁਸ਼ੀਆ ਪ੍ਰਾਪਤ ਕਰੋ ਜੀ।

ਆਪ ਜੀ ਦਾ ਹਾਰਦਿਕ ਤੌਰ ਤੇ ਧੰਨਵਾਦ।

## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

ਭੁਪਿੰਦਰ ਸਿੰਘ ਥਾਂਦੀ :604-782-3540, ਹਰਵਿੰਦਰ ਸਿੰਘ ਥਾਂਦੀ:604-725-8826,

ਜਸਵਿੰਦਰ ਸਿੰਘ ਥਾਂਦੀ:604-512-5412, ਭਾਗ ਸਿੰਘ ਥਾਂਦੀ:604-600-8027

***Top Quality *Friendly Service * On Time & Free Delivery**

ਲੋਕਾਂ ਦੀ ਪੁਰਜੋਰ ਮੰਗ ਤੇ ਪਾਲ ਨਰਵਾਲ ਅਤੇ ਪੈਟਰਿਕ ਨੇ ਖੋਲ੍ਹ ਦਿੱਤਾ ਹੈ 'ਫਰਨੀਚਰ ਲੀਕਿਊਡੇਟਰਜ' (77 ਐਵੇਨਿਊ ਤੇ 128 ਸਟਰੀਟ) ਦੀ ਨੁੱਕਰ ਤੇ ਜਿੱਥੋਂ ਤੁਸੀਂ ਉਨ੍ਹਾਂ ਦੇ ਆਪਣੇ ਬਣਾਏ ਹੋਏ ਬਾਕਸ ਬੈੱਡ, ਸੋਫਾ ਸੈੱਟ ਅਤੇ ਮੈਟਰੈੱਸ ਕੌਡੀਆਂ ਦੇ ਭਾਅ ਖਰੀਦੋ

# FIRST CHOICE FURNITURE LIQUIDATORS

**7743-128St Surrey, BC (Opposite to Subway)**




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ ਵਿਚ




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ, ਹਾਰਡ/ਮੀਡੀਅਮ/ਸੌਫਟ ਫੋਮ ਵਿਚ













**Foam Mattress**



Single $99 Double $129 Queen $149

**Matresses**



Single $149.00 Double $249.00 Queen $299.00



ਗੌਦਰੇਜ ਦੀ ਅਲਮਾਰੀ ਕੀਮਤ **$599.00**

**Paul Narwal & Patrick 604-503-4457 ਜਾਂ 236-868-1628**

# 'ਬੁਲਿਟ' (ਗੋਲ਼ੀ) ਦਾ ਜਵਾਬ 'ਬੈਲਟ' (ਮੱਤਦਾਨ) ਰਾਹੀਂ ਦੇਣ ਦੀ ਸਿਆਸੀ ਜਿੱਤ ਦੇ ਮਾਇਨੇ
## ਖ਼ਾਲਿਸਤਾਨ ਰਾਇਸ਼ੁਮਾਰੀ ਦੌਰਾਨ ਸਰੀ ਵਿੱਚ ਇੱਕ ਲੱਖ ਤੋਂ ਵੱਧ ਵੋਟਾਂ ਭੁਗਤਣ ਦੇ ਵਿਸ਼ੇਸ਼ ਪ੍ਰਸੰਗ ਵਿਚ







(ਡਾ. ਗੁਰਵਿੰਦਰ ਸਿੰਘ)

ਕੈਨੇਡਾ ਦੀ ਧਰਤੀ 'ਤੇ ਵੱਖਰੇ ਦੇਸ਼ ਲਈ ਅਮਨ-ਅਮਾਨ ਨਾਲ ਰਾਇਸ਼ੁਮਾਰੀ ਦੀ ਮੰਗ ਕੋਈ ਨਵੀਂ ਗੱਲ ਨਹੀਂ। ਇੱਥੋਂ ਦੇ ਕਿਊਬੈਕ ਸੂਬੇ ਨੂੰ ਵੱਖਰਾ ਦੇਸ਼ ਬਣਾਉਣ ਦੀ ਮੰਗ ਨੂੰ ਕਦੇ ਵੀ ਕੈਨੇਡਾ ਦੀ ਸਰਕਾਰ ਨੇ ਗਲਤ ਕਰਾਰ ਨਹੀਂ ਦਿੱਤਾ ਅਤੇ ਨਾ ਹੀ ਕੋਈ ਪਾਬੰਦੀ ਲਾਈ ਹੈ। ਚਾਰਟਰ ਆਫ ਰਾਇਟਸ ਅਨੁਸਾਰ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ' ਤਹਿਤ, ਕਿਊਬੈਕ ਵਿੱਚ ਲਗਾਤਾਰ ਰੈਫਰੈਂਡਮ ਹੋਏ ਹਨ। ਇਸ ਤਰਾਂ ਹੀ ਕੈਨੇਡਾ ਵਿੱਚ ਸਿੱਖ ਖਾਲਿਸਤਾਨ ਰਿਫਰੈਂਡਮ ਕਰਾਉਣ ਦੀ ਮੰਗ ਕੁਝ ਵਰਿਆਂ ਤੋਂ ਕਰ ਰਹੇ ਹਨ। ਸਿਖਸ ਫਾਰ ਜਸਟਿਸ ਸੰਸਥਾ ਇਸਦੀ ਅਗਵਾਈ ਕਰ ਰਹੀ ਹੈ, ਜਦ ਕਿ ਸਥਾਨਕ ਸਿੱਖ ਸੰਸਥਾਵਾਂ ਉਸ ਦਾ ਸਮਰਥਨ ਕਰ ਰਹੀਆਂ ਹਨ। ਦਰਦਨਾਕ ਪਹਿਲੂ ਇਹ ਹੈ ਕਿ ਕੈਨੇਡਾ ਵਿਚ ਖਾਲਿਸਤਾਨ ਰਾਇਸ਼ਮਾਰੀ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਸਿੱਖ ਆਗੂ ਅਤੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਦੇ ਪ੍ਰਧਾਨ ਭਾਈ ਹਰਦੀਪ ਸਿੰਘ ਨਿੱਝਰ ਨੂੰ 18 ਜੂਨ 2023 ਨੂੰ ਗੁਰਦੁਆਰਾ ਸਾਹਿਬ ਵਿਖੇ ਕਾਇਰਤਾ ਪੂਰਨ ਢੰਗ ਨਾਲ ਕਤਲ ਕਰ ਦਿੱਤਾ ਗਿਆ।

ਅਸਲ ਵਿੱਚ ਸ਼ਹੀਦ ਭਾਈ ਨਿੱਝਰ ਖਾਲਿਸਤਾਨ ਰਾਏਸ਼ੁਮਾਰੀ ਦਾ ਤਰੀਕਾ ਅਪਨਾ ਕੇ, ਭਾਰਤ ਵਿਚ ਸੰਨ 1984 ਤੋਂ ਲੈ ਕੇ ਲਗਾਤਾਰ ਸਿੱਖਾਂ ਦੇ ਕਤਲੇਆਮ ਦੇ ਖਿਲਾਫ, ਸ਼ਾਂਤਮਈ ਢੰਗ ਰਾਹੀਂ ਆਵਾਜ਼ ਉਠਾ ਰਹੇ ਸਨ। ਸ਼ਹੀਦ ਭਾਈ ਹਰਦੀਪ ਸਿੰਘ ਬੁਲਿਟ' (ਗੋਲ਼ੀ) ਦਾ ਜਵਾਬ 'ਬੈਲਟ' (ਮੱਤਦਾਨ) ਰਾਹੀਂ ਦੇਣ ਲਈ ਲਗਾਤਾਰ ਮੰਗ ਕਰ ਰਹੇ ਸਨ। ਸਿਤਮਜ਼ਰੀਫੀ ਇਹ ਹੈ ਕਿ 'ਬੁਲਿਟ' ਦਾ ਜਵਾਬ 'ਬੈਲਟ' ਰਾਹੀਂ ਦੇਣ ਦੀ ਮੰਗ ਕਰਨ ਵਾਲੇ ਲਈ ਹੀ 'ਬੁਲਿਟ' ਦੀ ਵਰਤੋਂ ਕਰਨਾ, ਕਾਇਰਤਾ ਦਾ ਸਿਖਰ ਸੀ। ਕੈਨੇਡਾ ਵਸਦੇ ਸਿੱਖ ਭਾਈਚਾਰੇ ਅਤੇ ਸਿੱਖ ਸੰਸਥਾਵਾਂ ਵੱਲੋਂ ਭਾਈ ਹਰਦੀਪ ਸਿੰਘ ਨਿੱਝਰ ਨੂੰ ਭਾਰਤੀ ਏਜੰਸੀਆਂ ਦੇ ਇਸ਼ਾਰੇ 'ਤੇ ਭਾੜੇ ਦੇ ਕਾਤਲਾਂ ਰਾਹੀਂ ਸ਼ਹੀਦ ਕਰਵਾਉਣ ਦੇ 'ਗੰਭੀਰ ਦੋਸ਼' ਲਾਏ ਗਏ ਹਨ।

ਸ਼ਹੀਦ ਹਰਦੀਪ ਸਿੰਘ ਨਿੱਝਰ ਵੱਲੋਂ ਵਿੱਢੇ ਸੰਘਰਸ਼ ਮੁਤਾਬਕ ਦਸ ਸਤੰਬਰ ਨੂੰ ਗੁਰੂ ਨਾਨਕ ਸਿੱਖ ਗੁਰਦਵਾਰਾ ਸਾਹਿਬ ਸਰੀ ਡੈਲਟਾ ਵਿਖੇ ਖਾਲਿਸਤਾਨ ਰਾਏਸ਼ੁਮਾਰੀ ਲਈ ਵੋਟਾਂ ਸ਼ਾਂਤੀ ਪੂਰਵਕ ਭੁਗਤੀਆਂ। ਇੱਕ ਅੰਦਾਜ਼ੇ ਅਨੁਸਾਰ ਰਾਏਸ਼ੁਮਾਰੀ ਦੌਰਾਨ ਇੱਕ ਲੱਖ ਤੋਂ ਵੱਧ ਵੋਟਾਂ ਪਈਆਂ ਹਨ। ਸੰਗਤਾਂ ਵਿੱਚ ਭਾਰੀ ਉਤਸ਼ਾਹ ਸੀ ਅਤੇ ਖਾਲਿਸਤਾਨ ਦੇ ਹੱਕ ਜਾਂ ਵਿਰੋਧ ਵਿੱਚ ਵੋਟ ਪਾਉਣ ਦਾ ਖੁੱਲ੍ਹਾ ਸੱਦਾ ਸੀ। ਸਵੇਰੇ ਨੌਂ ਵਜੇ ਤੋਂ ਹੀ ਹਜ਼ਾਰਾਂ ਦੀ ਤਾਦਾਦ ਵਿੱਚ ਸੰਗਤਾਂ ਲੰਮੀਆਂ ਕਤਾਰਾਂ ਬਣਾ ਕੇ ਖੜੀਆਂ ਸਨ। ਵੋਟਾਂ ਪਾਉਣ ਵਾਲਿਆਂ ਦੀ ਕਤਾਰ ਗੁਰਦੁਆਰਾ ਸਾਹਿਬ ਦੇ ਪਿੱਛਿਓਂ ਸ਼ੁਰੂ ਹੋ ਕੇ ਸਕਾਟ ਰੋਡ ਤੋਂ ਹੁੰਦੀ ਹੋਈ 72 ਐਵੇਨਿਊ ਦੇ ਇੰਟਰਸੈਕਸ਼ਨ ਤੱਕ ਪੁੱਜ ਗਈ। ਕਈਆਂ ਨੇ ਵੋਟ ਪਾਉਣ ਲਈ ਤਿੰਨ-ਤਿੰਨ ਘੰਟੇ ਇੰਤਜਾਰ ਕੀਤਾ।

ਖਾਲਿਸਤਾਨ ਰਾਏਸ਼ੁਮਾਰੀ ਦੌਰਾਨ ਵੋਟਾਂ ਪਾਉਣ ਵਾਲਿਆਂ ਵਿੱਚ ਅੱਧਿਓਂ ਵੱਧ ਗਿਣਤੀ ਇਸਤਰੀਆਂ ਅਤੇ ਕਲੀਨ ਸ਼ੇਵ ਨੌਜਵਾਨਾਂ ਦੀ ਸੀ। ਹਜ਼ਾਰਾਂ ਮਾਵਾਂ ਆਪਣੇ ਬੱਚਿਆਂ ਨੂੰ ਨਾਲ ਲਿਆਈਆਂ ਸਨ। ਲੰਮੀਆਂ ਕਤਾਰਾਂ ਵਿੱਚ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰ ਰਹੀਆਂ ਸਨ ਅਤੇ ਨੌਜਵਾਨ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾ ਰਹੇ ਸਨ। ਇੱਕ ਵਿਅਕਤੀ ਦੇਖਿਆ, ਜਿਸ ਦੀ ਇਕੋ ਲੱਤ ਸੀ, ਪਰ ਉਸ ਨੇ ਹੱਥ ਵਿੱਚ ਖਾਲਿਸਤਾਨ ਦਾ ਝੰਡਾ ਫੜ ਕੇ, ਲਗਾਤਾਰ ਘੰਟਿਆਂ ਬੱਧੀ ਆਪਣਾ ਅਕੀਦਾ ਪ੍ਰਗਟਾਇਆ। ਲੰਮੀ ਕਤਾਰ ਵਿੱਚ ਖੜੀ ਇਕ ਬੀਬੀ ਆਪ ਮੁਹਾਰੀ ਬੋਲ ਰਹੀ ਸੀ ;

''ਮੰਨੂ ਸਾਡੀ ਦਾਤਰੀ,
ਅਸੀ ਮਨੂੰ ਦੇ ਸੋਏ।
ਜਿਉਂ-ਜਿਉਂ ਮੰਨੂ ਵੱਢਦਾ,
ਅਸੀਂ ਦੂਣ ਸਵਾਏ ਹੋਏ।''

ਇਕ ਉਤਸ਼ਾਹੀ ਵੋਟਰ ਕਹਿ ਰਿਹਾ ਸੀ ਕਿ ਕੈਨੇਡੀਅਨ ਲੋਕਾਂ ਨੇ ਫੈਡਰਲ, ਪ੍ਰੋਵਿੰਸ਼ੀਅਲ ਅਤੇ ਮਿਊਸੀਪਲ ਵੋਟਾਂ ਤਾਂ ਕਈ ਵਾਰ ਤੱਕੀਆ ਹੋਣਗੀਆਂ, ਪਰ ਵੋਟਾਂ ਪੈਣ ਵਿਚ ਇੰਨਾ ਉਤਸ਼ਾਹ ਸ਼ਾਇਦ ਜ਼ਿੰਦਗੀ 'ਚ ਪਹਿਲੀ ਵਾਰ ਵੇਖਿਆ ਹੋਵੇਗਾ। ਸ਼ਾਮ ਪੰਜ ਵਜੇ ਤੱਕ ਜਿੰਨੀਆਂ ਹੋ ਸਕੀਆਂ, ਵੋਟਾਂ ਭੁਗਤ ਗਈਆਂ। ਬਾਕੀ ਸੰਗਤਾਂ ਨੂੰ ਵਾਪਸ ਮੁੜਨਾ ਪਿਆ। ਪੰਜ ਵਜੇ ਵੋਟ ਕਮਿਸ਼ਨਰ ਨੇ ਐਲਾਨ ਕਰ ਦਿੱਤਾ ਕਿ 29 ਅਕਤੂਬਰ ਨੂੰ ਖਾਲਿਸਤਾਨ ਰੈਫਰੈਂਡਮ ਦੀਆਂ ਦੂਜੇ ਗੇੜ ਦੀਆਂ ਵੋਟਾਂ ਪੈਣਗੀਆਂ। ਪਹਿਲੇ ਗੇੜ ਦੀਆਂ ਵੋਟਾਂ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਵੋਟਾਂ ਨਾ ਪਾ ਸਕਣ ਕਾਰਣ ਇਹ ਫੈਸਲਾ ਲਿਆ ਗਿਆ।

ਇਹ ਮੌਕਾ ਮੇਲ ਹੈ ਜਾਂ ਕੁਝ ਹੋਰ ਕਿ ਜਦੋਂ ਇੱਕ ਪਾਸੇ ਕੈਨੇਡਾ ਵਿੱਚ ਖਾਲਿਸਤਾਨ ਰੈਫਰੈਂਡਮ ਹੋ ਰਿਹਾ ਸੀ, ਉਦੋਂ ਦੂਜੇ ਪਾਸੇ ਭਾਰਤ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਭਾਰਤ ਦੇ ਦੌਰੇ 'ਤੇ ਸਨ। ਉਥੇ ਮੀਡੀਏ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਕੈਨੇਡਾ ਦੇ ਅੰਦਰੂਨੀ ਮਾਮਲਿਆਂ ਵਿੱਚ ਭਾਰਤੀ ਦਖ਼ਲ ☞




ਬਾਰੇ ਕੈਨੇਡੀਅਨ ਚਿੰਤਾਵਾਂ ਇਜ਼ਹਾਰ ਕੀਤਾ ਅਤੇ ਆਖਿਆ, "ਕੈਨੇਡਾ ਹਮੇਸ਼ਾ ਪ੍ਰਗਟਾਵੇ ਦੀ ਆਜ਼ਾਦੀ ਅਤੇ ਸ਼ਾਂਤਮਈ ਵਿਰੋਧ ਦੀ ਰੱਖਿਆ ਕਰੇਗਾ।" ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡਾ ਵਿੱਚ ਪੰਜਾਬ ਦੇ ਵੱਖਵਾਦੀ ਮੁੱਦੇ ਅਤੇ ਇਸ ਦੇ ਮਾਮਲਿਆਂ ਵਿੱਚ 'ਭਾਰਤੀ ਦਖ਼ਲ ਬਾਰੇ ਕੈਨੇਡੀਅਨ ਚਿੰਤਾਵਾਂ', ਉਨ੍ਹਾਂ ਦੀ ਪ੍ਰਧਾਨ ਮੰਤਰੀ ਮੋਦੀ ਨਾਲ ਸਾਲਾਂ ਦੌਰਾਨ ਹੋਈ ਗੱਲਬਾਤ ਵਿੱਚ, ਸਾਹਮਣੇ ਆਈਆਂ ਹਨ। "ਸਪੱਸ਼ਟ ਤੌਰ 'ਤੇ ਕੈਨੇਡਾ ਹਮੇਸ਼ਾ ਪ੍ਰਗਟਾਵੇ ਦੀ ਆਜ਼ਾਦੀ, ਜ਼ਮੀਰ ਦੀ ਆਜ਼ਾਦੀ ਅਤੇ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਦੀ ਰੱਖਿਆ ਕਰੇਗਾ। ਇਹ ਉਹ ਚੀਜ਼ ਹੈ, ਜੋ ਸਾਡੇ ਲਈ ਬਹੁਤ ਮਹੱਤਵਪੂਰਨ ਹੈ। ਇਸ ਦੇ ਨਾਲ ਹੀ ਅਸੀਂ ਹਿੰਸਾ ਨੂੰ ਰੋਕਣ, ਨਫ਼ਰਤ ਦੇ ਵਿਰੋਧ ਲਈ ਹਮੇਸ਼ਾ ਮੌਜੂਦ ਹਾਂ," ਭਾਰਤੀ ਰਾਜਧਾਨੀ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਨਿਊਜ਼ ਕਾਨਫਰੰਸ ਵਿੱਚ ਕਿਹਾ, "ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਕੁਝ ਲੋਕਾਂ ਦੀਆਂ ਕਾਰਵਾਈਆਂ, ਪੂਰੇ ਭਾਈਚਾਰੇ ਜਾਂ ਕੈਨੇਡਾ ਦੀ ਪ੍ਰਤੀਨਿਧਤਾ ਨਹੀਂ ਕਰਦੀਆਂ ਹਨ।"

ਦਿਲਚਸਪ ਗੱਲ ਇਹ ਹੈ ਕਿ ਟਰੂਡੋ ਵੱਲੋਂ ਖਾਲਿਸਤਾਨ ਰਾਇਸ਼ਮਾਰੀ ਦੇ ਮਾਮਲੇ ਵਿਚ ਦਿਖਾਈ ਉਦਾਰਤਾ ਕਾਰਣ ਭਾਰਤ ਸਰਕਾਰ ਵੱਲੋਂ ਆਲੋਚਨਾ ਹੋਈ, ਪਰ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਚਾਰਟਰ ਆਫ ਰਾਇਟਸ ਤਹਿਤ ਆਪਣੀ ਗੱਲ ਨੂੰ ਮਨੁੱਖੀ ਅਧਿਕਾਰਾਂ ਅਤੇ ਵਿਚਾਰਾਂ ਦੇ ਪ੍ਰਗਟਾਵੇ ਅਧੀਨ ਬਾਖ਼ੂਬ ਬਿਆਨਿਆ। ਦਰਅਸਲ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਭਾਰਤੀ ਪ੍ਰਸ਼ਾਸਨ ਅਤੇ ਮੀਡੀਆ ਵੱਲੋਂ ਨੀਵਾਂ ਦਿਖਾਉਣਾ ਉਸ ਦੇਸ਼ ਦੀ ਬੇਹੁਰਮਤੀ ਹੈ, ਜਿਥੇ ਹਰ ਸਾਲ ਲੱਖਾਂ ਭਾਰਤੀ ਵਿਦਿਆਰਥੀ ਰੋਜ਼ੀ ਰੋਟੀ ਅਤੇ ਸੁਨਹਿਰੀ ਭਵਿੱਖ ਦੀ ਭਾਲ ਵਿੱਚ ਮੱਲੋ-ਮੱਲੀ ਆ ਰਹੇ ਹਨ॥

ਕੈਨੇਡਾ ਦੀ ਗਲੋਬਲ ਨਿਊਜ਼ ਸਮੇਤ ਵੱਖ-ਵੱਖ ਚੈਨਲਾਂ ਨੇ ਖਾਲਿਸਤਾਨ ਰੈਫਰੈਂਡਮ ਦੌਰਾਨ ਵੋਟਰਾਂ ਦੀ ਗਿਣਤੀ ਲੱਖ ਤੋਂ ਵੱਧ ਦੱਸੀ ਹੈ। ਕੈਨੇਡਾ ਅਤੇ ਭਾਰਤ ਦਾ ਬਹੁਤਾਤ ਵਿੱਚ ਗੋਦੀ ਮੀਡੀਆ' ਅਜਿਹਾ ਵੀ ਹੈ, ਜਿਸ ਨੂੰ ਖਾਲਿਸਤਾਨ ਰਾਇਸ਼ੁਮਾਰੀ ਵੋਟਾਂ ਪਾਉਣ ਵਾਲੇ 'ਢਾਈ ਟੋਟਰੂ' ਨਜ਼ਰ ਆਉਂਦੇ ਹਨ। ਦੂਜੇ ਪਾਸੇ ਕੈਨੇਡਾ ਦਾ ਅੰਗ੍ਰੇਜ਼ੀ ਅਤੇ ਮੁੱਖ ਧਾਰਾ ਮੀਡੀਆ ਹੈ, ਜਿਸ ਨੂੰ ਵੋਟਾਂ ਪਾਉਣ ਵਾਲੇ ਲੱਖਾਂ ਲੋਕ ਨਜ਼ਰ ਆਉਂਦੇ ਹਨ। ਦੋਸ਼ਪੂਰਨ ਵਰਤਾਰਾ ਇਹ ਹੈ ਕਿ ਬਹੁਤਾਤ ਦੇਸੀ ਮੀਡੀਆ ਵਾਲੇ ਵਿਅਰਥ ਖ਼ਬਰਾਂ ਤਾਂ ਖੁਰਚਦੇ ਰਹਿੰਦੇ ਹਨ, ਪੰਜ ਸੱਤ ਵਿਅਕਤੀ ਕਿਸੇ ਜਨਮ ਦਿਨ ਜਾਂ ਮਰਨ ਦਿਨ 'ਤੇ ਇਕੱਠੇ ਹੋਣ, ਉਨ੍ਹਾਂ ਬਾਰੇ ਤਾਂ ਖ਼ਬਰਾਂ ਲਿਖਣਗੇ, ਪਰ ਡੇਢ ਲੱਖ ਬੰਦਾ ਇਕੱਠਾ ਹੋ ਕੇ ਆਪਣੇ ਰਾਜ ਭਾਗ ਦੀ ਮੰਗ ਕਰ ਰਿਹਾ ਹੈ, ਉਹ ਲਿਖਣਾ ਇਨ੍ਹਾਂ ਨੂੰ ਗਵਾਰਾ ਨਹੀਂ। ਇਹ ਝੂਠੇ ਬਿਰਤਾਂਤ ਸਿਰਜਣ ਵਾਲੇ ਹਨ, ਜਦ ਕਿ ਸੱਚਾ ਬਿਰਤਾਂਤ ਕੰਧ 'ਤੇ ਲਿਖਿਆ ਹੈ।

ਸਵਾਲ ਇਹ ਉੱਠਦਾ ਹੈ ਕਿ ਖਾਲਿਸਤਾਨ ਰਾਇਸ਼ੁਮਾਰੀ ਵਿੱਚ ਇੰਨੇ ਲੋਕ ਵੋਟਾਂ ਪਾਉਣ ਕਿਉਂ ਆਏ? ਉਹਨਾਂ ਦੇ ਮਨਾਂ ਵਿੱਚ ਕਿਸ ਗੱਲ ਦਾ ਰੋਸ ਹੈ ਜਾਂ ਆਜ਼ਾਦੀ ਦੀ ਇੰਨੀ ਤਾਂਗ ਕਿਉਂ ਹੈ? ਇਸ ਸਵਾਲ ਦਾ ਉੱਤਰ ਜਾਨਣ ਲਈ ਓਸ਼ੋ ਦੀ ਇੱਕ ਵਿਚਾਰ ਚਰਚਾ ਸਾਂਝੀ ਕਰ ਰਹੇ ਹਾਂ। ਅਚਾਰੀਆ ਰਜਨੀਸ਼ ਉਰਫ ਓਸ਼ੋ 20ਵੀਂ ਸਦੀ ਦਾ ਮਹਾਨ ਫ਼ਿਲਾਸਫਰ ਹੋਇਆ ਹੈ। ਉਹ ਆਪਣੀ ਹਰ ਗੱਲ ਬੇਬਾਕੀ ਅਤੇ ਨਾਲ ਕਹਿੰਦਾ ਸੀ। ਅਸੀਂਵਿਆਂ ਚ ਪੰਜਾਬ ਵਿਚ ਚੱਲੀ ਸਿੱਖ ਹੋਮਲੈਂਡ ਦੀ ਲਹਿਰ ਤੇ ਸਿੱਖਾਂ ਦੀ ਖ਼ੁਦਮੁਖ਼ਤਿਆਰੀ ਦੀ ਮੰਗ ਬਾਰੇ ਉਸਨੇ ਜੋ ਵਿਚਾਰ ਦਿੱਤੇ, ਇੰਨ ਬਿੰਨ ਸਹੀ ਜਾਪਦੇ ਹਨ। ਖਾਲਿਸਤਾਨੀ ਰੈਫਰੈਂਡਮ ਵਿੱਚ ਬਹੁਤਾਤ ਲੋਕਾਂ ਦੇ ਚਿਹਰਿਆਂ ਤੇ ਇਹੀ ਹਾਵ ਭਾਵ ਝਲਕ ਰਹੇ ਸਨ। ਓਸ਼ੋ ਨੇ ਕਿਹਾ ਸੀ : "ਬੁੱਧ-ਕਾਲ ਸਮੇਂ ਭਾਰਤ 44 ਜਾਂ 46 ਖੰਡਾਂ ਵਿੱਚ ਵੰਡਿਆ ਹੋਇਆ ਸੀ। ਉਹ ਕਹਿੰਦਾ ਹੈ ਕਿ ਜੇ ਮੈਂ ਪ੍ਰਧਾਨ ਮੰਤਰੀ ਹੋਵਾਂ ਤਾਂ ਤੁਰੰਤ ਇਹ ਮੰਗ ਮੰਨ ਲਵਾਂਗਾ, ਉਹਨਾਂ ਕਿਹਾ ਕਿ ਜੇ ਇੱਕ ਪੁੱਤਰ ਵੱਖ ਹੋਣਾ ਚਾਉਂਦਾ ਹੈ ਤੇ ਪਿਉ ਪਿਆਰ ਨਾਲ ਨਬੇੜਾ ਕਰ ਦੇਵੇ, ਤਾਂ ਉਹ ਦੀਵਾਲੀ ਦੁਸਿਹਰੇ 'ਤੇ ਜ਼ਰੂਰ ਮਠਿਆਈ ਲੈ ਕੇ ਆਵੇਗਾ ਪਿਉ ਕੋਲ, ਪਰ ਜੇ ਪਿਉ ਉਸ ਨੂੰ ਜ਼ਲੀਲ ਕਰੇਗਾ, ਤਾਂ ਦੇਰ-ਸਵੇਰ ਉਹ ਹਿੱਸਾ ਤਾਂ ਜ਼ਰੂਰ ਲਵੇਗਾ, ਪਰ ਕਦੇ ਮਠਿਆਈ ਦਾ ਡੱਬਾ ਨਹੀਂ ਲੈ ਕੇ ਆਵੇਗਾ।ਜੇ ਅੱਜ ਅਸੀਂ ਸਿੱਖਾਂ ਨੂੰ ਉਹਨਾਂ ਦੀਆਂ ਦੇਸ ਲਈ ਕੁਰਬਾਨੀਆਂ ਨੂੰ ਚੇਤੇ ਰੱਖ ਕੇ ਉਹਨਾਂ ਦਾ ਹਿੱਸਾ ਨਾ ਦਿੱਤਾ, ਤਾਂ ਉਹ ਇੱਕ ਦਿਨ ਲੈ ਤਾਂ ਜ਼ਰੂਰ ਲੈਣਗੇ, ਪਰ ਫਿਰ ਸਾਡੀ ਉਹਨਾਂ ਨਾਲ ਆਰਥਿਕ ਜਾਂ ਸੁਰੱਖਿਆ ਖੇਤਰ ਵਿੱਚ ਕੋਈ ਸਾਂਝ ਨਹੀ ਰਹਿ ਸਕੇਗੀ। ਕਿਸੇ ਦਾ ਹੱਕ ਮਾਰਨ ਨਾਲ ਮਸਲੇ ਸੁਲਝਦੇ ਨਹੀਂ, ਸਗੋਂ ਉਲਝਦੇ ਹਨ ਅਤੇ ਤਾਕਤ ਨਾਲ ਕਿਸੇ ਨੂੰ ਦਬਾਇਆ ਨਹੀਂ ਜਾ ਸਕਦਾ।" ਅਫਸੋਸ ਇਸ ਗੱਲ ਦਾ ਹੈ ਕਿ ਅੱਜ ਦੇ ਬਹੁਤਾਤ ਲੇਖਕ, ਫ਼ਿਲਾਸਫਰ ਅਤੇ ਬੁੱਧੀਜੀਵੀ ਅਖਵਾਉਣ ਵਾਲੇ ਪੰਜਾਬੀ ਸਾਹਿਤ ਅਤੇ ਭਾਰਤੀ ਚਿੰਤਨ ਨਾਲ ਜੁੜੇ ਲੋਕ ਰਜਨੀਸ਼ ਵਰਗੀ ਬੇਬਾਕੀ ਅਤੇ ਸਪਸ਼ਟਤਾ ਨਹੀ ਰੱਖਦੇ।

ਸੱਚ ਤਾਂ ਇਹ ਹੈ ਕਿ ਸਿੱਖਾਂ ਨੂੰ ਇਸ ਵੇਲੇ ਜੋ ਗੁਲਾਮੀ ਦਾ ਅਹਿਸਾਸ ਹੋ ਰਿਹਾ ਹੈ, ਉਹ ਭਾਰਤ ਦੀ ਨਵ-ਬਸਤੀਵਾਦੀ ਜਬਰ ਨੀਤੀ ਕਾਰਨ ਹੋਰਨਾਂ ਘੱਟ ਗਿਣਤੀਆਂ ਨੂੰ ਵੀ ਹੋ ਰਿਹਾ ਹੈ। ਮਸਲਾ ਚਾਹੇ ਦਲਿਤਾਂ 'ਤੇ ਜਬਰ ਦਾ ਹੋਵੇ ਜਾਂ ਮੁਸਲਿਮ ਘੱਟ ਗਿਣਤੀ ਉੱਪਰ ਅਤਿਆਚਾਰ ਦਾ ਜਾਂ ਫਿਰ ਭਾਰਤ ਦੇ ਮੂਲ ਨਿਵਾਸੀਆਂ ਦੇ ਹੱਕ ਖੋਹਣ ਦਾ, ਇਸ ਵੇਲੇ ਚਾਰੇ ਪਾਸੇ ਹਾਹਾਕਾਰ ਮੱਚੀ ਹੈ। ਕੈਨੇਡਾ ਵਿੱਚ ਖਾਲਿਸਤਾਨ ਰੈਫਰੈਂਡਮ ਵੀ ਅਸਲ ਵਿੱਚ ਤਿੱਖੇ ਰੋਸ ਦਾ ਪ੍ਰਗਟਾਵਾ ਹੈ। ਚਾਹੇ ਆਮ ਰੋਸ ਮੁਜ਼ਾਹਰੇ ਆਏ ਦਿਨ ਹੁੰਦੇ ਰਹਿੰਦੇ ਹਨ, ਪਰ ਲੱਖਾਂ ਦੀ ਤਾਦਾਦ ਵਿੱਚ ਇਕੱਠੇ ਹੋਏ ਲੋਕਾਂ ਵੱਲੋਂ ਕੀਤਾ ਗਿਆ ਗੰਭੀਰ ਰੋਸ ਪ੍ਰਗਟਾਵਾ, ਸਿੱਖਾਂ ਦੇ ਮਨ ਦੀ ਭਾਵਨਾਤਮਕ ਹਾਲਾਤ ਬਿਆਨ ਕਰ ਰਿਹਾ ਸੀ। ਹਾਜ਼ਰ ਲੋਕਾਂ ਵੱਲੋਂ ਕਿਸੇ ਵੀ ਹੋਰ ਫ਼ਿਰਕੇ, ਰੰਗ, ਨਸਲ ਜਾਂ ਧਰਮ ਖਿਲਾਫ ਵਿਰੋਧ ਨਾ ਪ੍ਰਗਟਾਉਣਾ ਅਤੇ ਪੀੜਿਤ ਵਰਗਾਂ ਪ੍ਰਤੀ ਹਾਅ ਦਾ ਨਾਅਰਾ ਮਾਰਨਾ ਹੀ, ਸਿੱਖਾਂ ਦੀ ਅਜ਼ਾਦੀ ਅਤੇ ਹੱਕੀ ਸੰਘਰਸ਼ ਦੀ ਤਰਜਮਾਨੀ ਕਰਦਾ ਹੈ।





ਦਰਅਸਾਲ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਵੀ ਖਾਲਿਸਤਾਨ ਰੈਫਰੈਂਡਮ ਦੇ ਨਾਲ-ਨਾਲ ਭਾਰਤ ਸਰਕਾਰ ਵੱਲੋਂ ਜੇਲ੍ਹਾਂ ਵਿੱਚ ਬੰਦ ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਜੀ ਐਨ ਸਾਈ ਬਾਬਾ ਦੀ ਰਿਹਾਈ ਲਈ ਪਟੀਸ਼ਨਾਂ ਦਸਤਖ਼ਤ ਕਰਵਾਉਣ, ਮਨੁੱਖੀ ਹੱਕਾਂ ਦੇ ਕਾਰਕੁੰਨਾਂ ਗੌਤਮ ਨਵਲੱਖਾ, ਤੀਸਤਾ ਸੀਤਲਵਾੜ, ਰਾਣਾ ਆਯੂਬ, ਆਨੰਦ ਤਲਤੁੰਬੜੇ, ਸਟੈਨ ਸੁਆਮੀ ਅਤੇ ਅਨੇਕਾਂ ਹੋਰਨਾਂ ਲਈ ਹਾਅ ਦਾ ਨਾਅਰਾ ਮਾਰਦੇ ਸਨ। ਜਿੱਥੇ ਉਹ ਭਾਰਤੀ ਜੇਲ੍ਹਾਂ ਵਿਚ ਉਮਰ ਕੈਦਾਂ ਦੀਆਂ ਸਜ਼ਾਵਾਂ ਭੁਗਤ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਅਵਾਜ਼ ਉਠਾਉਂਦੇ, ਉਥੇ ਉਹ ਮਨੁੱਖੀ ਹੱਕਾਂ ਲਈ ਜੂਝ ਰਹੇ ਹਰ ਮੁਲਕ, ਰੰਗ, ਨਸਲ, ਧਰਮ, ਫ਼ਿਰਕੇ ਦੇ ਲੋਕਾਂ ਲਈ ਆਵਾਜ਼ ਬੁਲੰਦ ਕਰਦੇ। ਚਾਹੇ ਮਨੁੱਖੀ ਹੱਕਾਂ ਦੀ ਵਕਾਲਤ ਕਰਨ ਵਾਲੇ ਉੱਘੇ ਐਡਵੋਕੇਟ ਰੰਜਨ ਲਖਣ ਪਾਲ ਹੋਣ ਅਤੇ ਚਾਹੇ ਸਿਆਟਲ ਵਿੱਚ ਜਾਤੀ ਵਿਤਕਰੇ ਖਿਲਾਫ ਮਤਾ ਲਿਆਉਣ ਵਾਲੀ ਸ਼ਾਮਾ ਸਾਵੰਤ ਹੋਵੇ ਭਾਈ ਨਿੱਝਰ ਹਰੇਕ ਨਾਲ ਡਟ ਕੇ ਖੜ੍ਹਦੇ ਅਤੇ ਇਸ ਨੂੰ ਹੀ ਸਿੱਖਾਂ ਦੀ ਆਜ਼ਾਦੀ ਅਤੇ ਹੱਕੀ ਸੰਘਰਸ਼ ਦੀ ਤਰਜਮਾਨੀ ਕਰਾਰ ਦਿੰਦੇ ਸਨ। ਇਸੇ ਕਾਰਨ ਨਹੀਂ ਕੈਨੇਡਾ ਵਸਦੇ ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਅਤੇ ਸਿੱਖ ਖਾਲਿਸਤਾਨ ਰੈਫਰੈਂਡਮ ਨੂੰ ਮਿਲੇ ਬੇਮਿਸਾਲ ਹੁੰਗਾਰੇ ਨੂੰ, ਸ਼ਹੀਦ ਭਾਈ ਹਰਦੀਪ ਸਿੰਘ ਦੀ ਸ਼ਹਾਦਤ ਨੂੰ ਪ੍ਰਣਾਮ ਕਰਾਰ ਦੇ ਰਹੇ ਹਨ।

# ਰਾਮਦੇਵ ਨੂੰ ਜਾਂਚ ਅਧਿਕਾਰੀ ਅੱਗੇ ਪੇਸ਼ ਹੋਣ ਦਾ ਆਦੇਸ਼

ਜੋਧਪੁਰ:ਰਾਜਸਥਾਨ ਹਾਈ ਕੋਰਟ ਨੇ ਯੋਗ ਗੁਰੂ ਰਾਮਦੇਵ ਨੂੰ ਕਥਿਤ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਮਾਮਲੇ ਵਿੱਚ ਦਰਜ ਕੇਸ ਸਬੰਧੀ ਪੁੱਛਗਿੱਛ ਲਈ 5 ਅਕਤੂਬਰ ਨੂੰ ਬਾੜਮੇਰ ਦੇ ਚੋਹਟਨ ਥਾਣੇ ਵਿੱਚ ਪੇਸ਼ ਹੋਣ ਦਾ ਆਦੇਸ਼ ਦਿੱਤਾ ਹੈ।

ਨਾਲ ਹੀ ਅਦਾਲਤ ਨੇ ਉਸ ਦੀ ਗ੍ਰਿਫ਼ਤਾਰੀ ’ਤੇ ਲੱਗੀ ਰੋਕ ਵਧਾ ਦਿੱਤੀ ਹੈ। ਅਦਾਲਤ ਨੇ ਰਾਮਦੇਵ ਨੂੰ ਜਾਂਚ ਅਧਿਕਾਰੀ ਦੇ ਬੁਲਾਉਣ ’ਤੇ ਉਨ੍ਹਾਂ ਸਾਹਮਣੇ ਹਾਜ਼ਰ ਹੋਣ ਦਾ ਆਦੇਸ਼ ਦਿੱਤਾ ਅਤੇ ਸਰਕਾਰੀ ਵਕੀਲ ਨੂੰ 16 ਅਕਤੂਬਰ ਨੂੰ ਅਦਾਲਤ ਵਿੱਚ ਕੇਸ ਡਾਇਰੀ ਪੇਸ਼ ਕਰਨ ਦਾ ਵੀ ਹੁਕਮ ਦਿੱਤਾ।


ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ
ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਇਸ ਹਫਤੇ ਦੇ ਪ੍ਰੋਗਰਾਮ

ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਬਾਬਾ ਸ਼ੇਖ ਫਰੀਦ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ ਅਤੇ ਅਖੰਡਪਾਠ ਸਾਹਿਬ ਦੀ ਸੇਵਾ ਨਗਰ ਫਰੀਦਕੋਟ ਦੀਆਂ ਸੰਗਤਾਂ ਵੱਲੋਂ ਹੋਵੇਗੀ।ਇਹ ਅਖੰਡਪਾਠ ਸਾਹਿਬ 15 ਸਤੰਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 17 ਸਤੰਬਰ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਬਾਬਾ ਸ਼ੇਖ ਫਰੀਦ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿਚ ਹਫਤਾਵਾਰੀ ਦੀਵਾਨ ਸਜਾਏ ਜਾਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।



*15 ਸਤੰਬਰ ਦਿਨ ਸ਼ੁੱਕਰਵਾਰ ਕਾਕਾ ਹਰਜਿੰਦਰ ਸਿੰਘ ਸੋਹੀ ਅਤੇ ਬੱਚੀ ਰਾਜਬੀਰ ਕੌਰ ਸਰਾਂ ਦੇ ਅਨੰਦਕਾਰਜ ਸਵੇਰੇ 10 ਵਜੇ ਹੋਣਗੇ।
*16 ਸਤੰਬਰ ਦਿਨ ਸ਼ਨਿਚਰਵਾਰ ਨੂੰ ਕਾਕਾ ਪ੍ਰਭਜੀਵਨ ਸਿੰਘ ਅਤੇ ਬੱਚੀ ਸ਼ਰਨਜੀਤ ਕੌਰ ਦੇ ਅਨੰਦਕਾਰਜ ਸਵੇਰੇ 10 ਵਜੇ ਹੋਣਗੇ।
*16 ਸਤੰਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਪਾਠ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ ਭਾਈ ਬਲਦੇਵ ਸਿੰਘ ਦੂਲੇ, ਭਾਈ ਮਹਿਤਾਬ ਸਿੰਘ, ਭਾਈ ਅਵਰਿੰਦਰਪਾਲ ਸਿੰਘ ਪਰਿਵਾਰਾਂ ਵੱਲੋਂ ਹੋਵੇਗੀ।
*17 ਸਤੰਬਰ ਦਿਨ ਐਤਵਾਰ ਨੂੰ ਸਵੇਰੇ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਭਾਈ ਸੀਤਲ ਸਿੰਘ ਨਿੱਝਰ ਪਰਿਵਾਰ ਅਤੇ ਭਾਈ ਸਤਬੀਰ ਸਿੰਘ ਪਰਿਵਾਰ ਵੱਲੋਂ ਹੋਵੇਗੀ।
*17 ਸਤੰਬਰ ਦਿਨ ਐਤਵਾਰ ਨੂੰ ਸਾਹਿਲਦੀਪ ਸਿੰਘ ਚੰਦੀ ਪਰਿਵਾਰ ਵੱਲੋਂ ਕੁੜਮਾਈ ਦੀ ਰਸਮ ਸਵੇਰੇ 11 ਵਜੇ ਹੋਵੇਗੀ।
*17 ਸਤੰਬਰ ਦਿਨ ਐਤਵਾਰ ਸਵੇਰੇ 10 ਵਜੇ ਭਾਈ ਮੋਹਣ ਸਿੰਘ ਤੱਗੜ ਦਾ ਅੰਤਮ ਸਸਕਾਰ ਰਿਵਰਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ।ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਪਾਠ ਦੇ ਭੋਗ ਸਵੇਰੇ 11.30 ਵਜੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
*17 ਸਤੰਬਰ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਅਮਨਦੀਪ ਸਿੰਘ ਪਰਿਵਾਰ ਅਤੇ ਹਰਸਿਮਰਨਜੀਤ ਸਿੰਘ ਪਰਿਵਾਰਾਂ ਵੱਲੋਂ ਹੋਵੇਗੀ।

17 ਸਤੰਬਰ ਦਿਨ ਐਤਵਾਰ ਡਾ. ‘ਨਬੀਲਾ ਰਹਿਮਾਨ, ਵਾਈਸ ਚਾਂਸਲਰ ਯੂਨੀਵਰਸਿਟੀ ਆਫ ਝੰਗ, ਪਾਕਿਸਤਾਨ 11:30 ਵਜੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ।

ਵਿਸ਼ੇਸ਼ ਨੋਟ:ਡਾ. ਨੌਰੰਗ ਸਿੰਘ ਮਾਂਗਟ ‘ਗੁਰੂ ਅਮਰਦਾਸ ਅਪਾਹਜ ਆਸ਼ਰਮ ਸਰਾਭਾ’ ਵਾਲੇ 15 ਸਤੰਬਰ ਦਿਨ ਸ਼ੁੱਕਰਵਾਰ ਤੋਂ 19 ਸਤੰਬਰ ਦਿਨ ਮੰਗਲਵਾਰ ਤੱਕ ਗੁ. ਸੀ ਗੁਰੂ ਸਿੰਘ ਸਭਾ ਸਰੀ ਵਿਖੇ ਹਾਜ਼ਰ ਰਹਿਣਗੇ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਜਸਵਿੰਦਰ ਸਿੰਘ ਬਡਰੁੱਖਾਂ ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 604-590-3224

# ਕੇਂਦਰ ਨੇ ਸੀ. ਬੀ. ਆਈ. ਨੂੰ ਦਿੱਤੀ ਲਾਲੂ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਮਨਜ਼ੂਰੀ

ਨਵੀਂ ਦਿੱਲੀ-ਆਰ. ਜੇ. ਡੀ. ਸੁਪਰੀਮੋ ਲਾਲੂ ਯਾਦਵ ਨੂੰ ਅੱਜ ਵੱਡਾ ਝਟਕਾ ਲੱਗਿਆ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸੀਬੀਆਈ ਨੂੰ ਰਾਸ਼ਟਰੀ ਜਨਤਾ ਦਲ ਦੇ ਪ੍ਰਧਾਨ ਖ਼?ਲਾਫ਼ ਕੇਸ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਸੀਬੀਆਈ ਨੇ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੂੰ ਸੂਚਿਤ ਕੀਤਾ ਕਿ ਸਾਬਕਾ ਕੇਂਦਰੀ ਰੇਲ ਮੰਤਰੀ ਲਾਲੂ ਪ੍ਰਸਾਦ ਯਾਦਵ ਖਿਲਾਫ ਕਥਿਤ ਤੌਰ 'ਤੇ ਨੌਕਰੀ ਬਦਲੇ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਨਵੀਂ ਚਾਰਜਸ਼ੀਟ ਦੇ ਸਬੰਧ ਵਿਚ ਗ੍ਰਹਿ ਮੰਤਰਾਲੇ ਤੋਂ ਮਨਜ਼ੂਰੀ ਪ੍ਰਾਪਤ ਕਰ ਲਈ ਗਈ ਹੈ। ਸੀਬੀਆਈ ਨੇ ਕਿਹਾ ਹੈ ਕਿ ਹਾਲਾਂਕਿ ਉਸ ਨੂੰ ਅਜੇ ਤੱਕ ਤਿੰਨ ਰੇਲਵੇ ਅਧਿਕਾਰੀਆਂ ਖ਼?ਲਾਫ਼ ਮਨਜ਼ੂਰੀ ਨਹੀਂ ਮਿਲੀ ਹੈ। ਸੀਬੀਆਈ ਨੇ ਕਿਹਾ ਕਿ ਬਾਕੀ ਮਨਜ਼ੂਰੀ ਇਕ ਹਫ਼ਤੇ ਵਿਚ ਮਿਲਣ ਦੀ ਉਮੀਦ ਹੈ। ਉੱਥੇ ਹੀ ਮਾਮਲੇ ਨੂੰ 21 ਸਤੰਬਰ ਨੂੰ ਸੁਣਵਾਈ ਲਈ ਸੂਚੀਬੱਧ ਕੀਤਾ ਗਿਆ ਹੈ।


SHARE YOUR VIEWS

Provide your input on taxis, ride-hailing, and other services relating to passenger directed vehicles.

Register to speak at a public meeting by September 22 or provide written input to the Committee by November 30.

For full details, visit www.leg.bc.ca/cmt/pdv or call 250-356-2933 or toll-free 1-877-428-8337.

LEGISLATIVE ASSEMBLY
*of* BRITISH COLUMBIA
*Special Committee to Review Passenger Directed Vehicles*

www.leg.bc.ca/cmt/pdv






ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333



Open 24 Hours 7 Days a Week

ATLAS ANIMAL HOSPITAL







- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar & Associates

Tel: 604-301-0300

5696 Fraser St, Vancouver, BC, V5W 2Z4 www.atlasvetsinvancouver.com

# ਸਿਹਤ ਸੰਬੰਧੀ





# ਐਲਰਜੀ, ਹੇਅ-ਫ਼ੀਵਰ, ਪੋਲਨਜ਼ ਅਤੇ ਹੋਮਿਓਪੈਥਿਕ ਇਲਾਜ

ਐਲਰਜਿਕ ਰਹੀਨਾਇਟੀਸ (Allergic Rhenitis), ਜਿਸ ਨੂੰ ਕਿ ਹੇਅ-ਫ਼ੀਵਰ ਜਾਂ ਪੌਲੀਨੌਸਿਸ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਦਾ ਮਤਲਬ ਹੈ ਐਲਰਜੀ ਦੀ ਵਜ੍ਹਾ ਨਾਲ ਨੱਕ ਦੀ ਅੰਦਰਲੀ ਝਿੱਲੀ ਵਿੱਚ ਸੋਜਸ਼ ਹੋ ਜਾਣੀ। ਜੇ ਰਹੀਨਾਇਟੀਸ ਸ਼ਬਦ ਦਾ ਸੰਧੀ-ਭੇਦ ਕਰਕੇ ਵੇਖਿਆ ਜਾਵੇ ਤਾਂ "Rhino" ਦਾ ਮਤਲਬ ਹੁੰਦਾ ਹੈ "ਨੱਕ ਨਾਲ ਸਬੰਧਤ" ਅਤੇ "itis" ਦਾ ਸਬੰਧ ਸੋਜਸ਼ ਨਾਲ ਹੁੰਦਾ ਹੈ। ਐਲਰਜਿਕ ਰਹੀਨਾਇਟੀਸ ਮੌਸਮੀ ਜਾਂ ਗ਼ੈਰ-ਮੌਸਮੀ ਵੀ ਹੋ ਸਕਦੀ ਹੈ। ਬਹਾਰ ਦੇ ਮੌਸਮ (ਸਪ੍ਰਿੰਗ) ਵਿੱਚ ਇਹ ਐਲਰਜੀ ਜ਼ਿਆਦਾਤਰ ਰੁੱਖਾਂ ਦੇ ਫ਼ੁੱਲਾਂ ਦੇ ਪੋਲਨ (tree pollens) ਕਰਕੇ ਹੁੰਦੀ ਹੈ। ਘਾਹ ਕੱਟਣ ਨਾਲ ਸਬੰਧਤ ਐਲਰਜੀ ਅਕਸਰ ਗਰਮੀਆਂ ਦੀ ਰੁੱਤ ਵਿੱਚ ਹੁੰਦੀ ਹੈ ਅਤੇ ਵੀਡ ਪੋਲਨ (weed pollen) ਪਤਝੜ (ਫ਼ੌਲ) ਦੀ ਰੁੱਤ ਵਿੱਚ ਐਲਰਜੀ ਦੇ ਲੱਛਣ ਪੈਦਾ ਕਰਦੀ ਹੈ। ਬਹਾਰ ਦਾ ਮੌਸਮ ਚੱਲ ਰਿਹਾ ਹੈ ਅਤੇ ਬਹੁਤ ਸਾਰੇ ਵਿਅਕਤੀਆਂ ਨੂੰ ਪੋਲਨ ਐਲਰਜੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕਈਆਂ ਨੂੰ ਆਉਣ ਵਾਲੇ ਸਮੇਂ ਵਿੱਚ ਇਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਹਾਰ ਦੇ ਮੌਸਮ ਵਿੱਚ ਐਲਰਜੀ ਦਾ ਕਾਰਨ ਬਣਨ ਵਾਲੇ ਤੱਤ ਦਰਖ਼ਤਾਂ ਉੱਪਰ ਪੁੰਗਰ ਰਹੇ ਫ਼ੁੱਲਾਂ ਤੋਂ ਉੱਡ ਕੇ ਵਾਤਾਵਰਨ ਵਿੱਚ ਸ਼ਾਮਲ ਹੋ ਜਾਂਦੇ ਹਨ। ਹਰ ਸਾਲ ਇਸ ਮੌਸਮ ਦੇ ਆਉਣ ਦੇ ਕਈ ਵਿਅਕਤੀਆਂ ਨੂੰ ਆਪੋ-ਆਪਣੀ ਸੰਵੇਦਨਾ ਅਨੁਸਾਰ ਐਲਰਜੀ ਦਾ ਸਾਹਮਣਾ ਕਰਨਾ ਪੈਂਦਾ ਹੈ। ਬਹਾਰ ਦੇ ਮੌਸਮ ਵਿੱਚ ਹਰ ਸਾਲ ਜਦੋਂ ਦਰਖ਼ਤਾਂ ਦੇ ਫ਼ੁੱਲ ਫ਼ੁੱਟਣੇ ਸ਼ੁਰੂ ਹੁੰਦੇ ਹਨ ਤਾਂ ਕਈ ਸੰਵੇਦਨਸ਼ੀਲ ਵਿਅਕਤੀਆਂ ਨੂੰ ਬਹੁਤ ਤਕਲੀਫ਼ਦੇਹ ਲੱਛਣਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਵੇਂ ਛਿੱਕਾਂ (ਕਈ ਵਾਰੀ ਬਹੁਤ ਜ਼ਿਆਦਾ), ਅੱਖਾਂ ਵਿੱਚ ਲਾਲੀ ਅਤੇ ਰੜਕ, ਅੱਖਾਂ ਵਿੱਚੋਂ ਪਾਣੀ ਵਗਣਾ, ਪਲਕਾਂ ਵਿੱਚ ਜਲਨ ਅਤੇ ਸੋਜਸ਼, ਨੱਕ ਵਿੱਚ ਝੁਨਝੁਨਾਹਟ, ਨੱਕ ਵਿੱਚ ਸੇਕ ਅਤੇ ਨੱਕ ਵਿੱਚੋਂ ਜਲਨਸ਼ੀਲ ਤਰਲ ਪਦਾਰਥ ਵਗਣਾ, ਨੱਕ ਦੇ ਵਿੰਗਜ਼ ਪੂੰਝ ਪੂੰਝ ਕੇ ਲਾਲ ਹੋ ਜਾਣੇ, ਰਾਤ ਨੂੰ ਨੱਕ ਬੰਦ ਹੋ ਜਾਣਾ, ਮੂੰਹ ਰਾਹੀਂ ਸਾਹ ਲੈਣਾ, ਨੀਂਦ ਨਾ ਆਉਣੀ, ਦਿਨ ਵੇਲੇ ਨੱਕ ਬੰਦ ਰਹਿਣਾ ਅਤੇ ਉਸ ਵਿੱਚੋਂ ਪਾਣੀ ਵਗਣਾ।

ਪੀੜਤ ਵਿਅਕਤੀ ਦੀ ਬੁਰੀ ਹਾਲਤ ਕਰ ਦੇਣ ਵਾਲੇ ਇਹ ਲੱਛਣ ਉਸ ਦੇ ਸੁਭਾਅ ਵਿੱਚ ਚਿੜਚਿੜਾਪਨ ਤਾਂ ਲਿਆਉਂਦੇ ਹੀ ਹਨ, ਇਨ੍ਹਾਂ ਕਾਰਨ ਵਿਅਕਤੀ ਦੀ ਕੰਮ ’ਤੇ ਜਾਣ ਦੀ ਹਾਲਤ ਵੀ ਨਹੀਂ ਰਹਿੰਦੀ। ਸਿਰ ਭਾਰਾ, ਸਿਰ ਵਿੱਚ ਦਰਦ, ਰੌਸ਼ਨੀ ਚੰਗੀ ਨਾ ਲੱਗਣੀ, ਚਿਹਰਾ ਲਾਲ ਹੋ ਜਾਣਾ, ਸਰੀਰ ਬੇਜਾਨ, ਸੁੱਕੀ ਖੰਘ, ਗਲਾ ਖ਼ੁਸ਼ਕ ਅਤੇ ਬਾਰ-ਬਾਰ ਛਿੱਕਾਂ ਮਾਰਨ ਨਾਲ ਪਸਲੀਆਂ ਵਿੱਚ ਦਰਦ ਦੇ ਕਾਰਨ ਵਿਅਕਤੀ ਬੇਹਾਲ ਹੋ ਜਾਂਦਾ ਹੈ।

ਮਰੀਜ਼ ਨੂੰ ਕਿਸੇ ਵੀ ਅਵਸਥਾ ਵਿੱਚ ਚੈਨ ਨਹੀਂ ਮਿਲਦਾ। ਬੇਚੈਨੀ ਕਰਕੇ ਉਹ ਘਰ ਦੇ ਅੰਦਰ ਜਾਂ ਬਾਹਰ ਟਿਕ ਕੇ ਬੈਠ ਨਹੀਂ ਸਕਦਾ। ਕਈ ਕੇਸਾਂ ਵਿੱਚ ਉਪਰੋਕਤ ਲੱਛਣਾਂ ਦੇ ਨਾਲ ਨਾਲ ਇੰਨੀ ਜ਼ਬਰਦਸਤ ਐਲਰਜੀ ਹੁੰਦੀ ਹੈ ਕਿ ਸਾਹ ਦੀ ਨਾਲੀ ਵਿੱਚ ਵੀ ਤਕਲੀਫ਼ ਮਹਿਸੂਸ ਹੋਣ ਲੱਗ ਜਾਂਦੀ ਹੈ ਅਤੇ ਸਾਹ ਲੈਣਾ ਵੀ ਔਖਾ ਲੱਗਣ ਲੱਗ ਜਾਂਦਾ ਹੈ। ਰਵਾਇਤੀ ਇਲਾਜ ਪ੍ਰਣਾਲੀ ਵਿੱਚ ਐਲਰਜੀ ਦਾ ਅਸਰ ਘਟਾਉਣ ਲਈ ਐਲਰਜੀ ਦਾ ਕਾਰਨ ਬਣਨ ਵਾਲੇ ਖ਼ਾਸ ਤੱਤ ਦਾ ਪਤਾ ਕਰਨ ਤੋਂ ਬਾਅਦ ਟੀਕੇ ਰਾਹੀਂ ਆਈਸੋਪੈਥਿਕ (Isopathic) ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਵੀ ਐਲਰਜੀ ਦਾ ਕਾਰਨ ਬਣਨ ਵਾਲੇ ਤਕਰੀਬਨ ਸਾਰੇ ਤੱਤਾਂ ਨੂੰ ਸਥਾਪਤ ਹੋਮਿਓਪੈਥਿਕ ਫ਼ਾਰਮੇਸੀਆਂ ਵੱਲੋਂ ਪੋਟੈਨਟਾਈਜ਼ ਕੀਤਾ ਹੋਇਆ ਹੈ। ਫ਼ਰਕ ਸਿਰਫ਼ ਇਹ ਹੈ ਕਿ ਹੋਮਿਓਪੈਥੀ ਵਿੱਚ ਖਾਣ ਵਾਲੀ ਦਵਾਈ ਦਿੱਤੀ ਜਾਂਦੀ ਹੈ। ਜਿਸ ਪਦਾਰਥ ਤੋਂ ਵਿਅਕਤੀ ਸੰਵੇਦਬਸ਼ੀਲ ਹੁੰਦਾ ਹੈ ਉਸੇ ਪਦਾਰਥ ਤੋਂ ਹੋਮਿਓਪੈਥਿਕ ਫ਼ਾਰਮਾਕੋਪੀਆ ਅਨੁਸਾਰ ਦਵਾਈ ਦੀ ਪੋਟੈਂਸੀ ਤਿਆਰ ਕੀਤੀ ਜਾਂਦੀ ਹੈ।



**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579

ਰਹੀਨਾਇਟੀਸ ਅਤੇ ਹੇਅ-ਫ਼ੀਵਰ ਦੇ ਇਲਾਜ ਲਈ ਕਾਊਂਟਰ ਤੋਂ ਮਿਲਣ ਵਾਲੀਆਂ ਅਤੇ ਤਜਵੀਜ਼ ਕੀਤੀ ਜਾਣ ਵਾਲੀਆਂ ਬਹੁਤ ਸਾਰੀਆਂ ਦਵਾਈਆਂ ਉਪਲਬਧ ਹਨ। ਇਨ੍ਹਾਂ ਦੀਆਂ ਦੋ ਪ੍ਰਮੁੱਖ ਸ਼੍ਰੇਣੀਆਂ ਹਨ:

**Antihistamines (ਐਂਟੀਹਿਸਟੇਮਾਈਨਜ਼)**
**Topical Steroids (ਟੌਪੀਕਲ ਸਟੀਰੌਇਡਜ਼)**

ਇਹ ਦੋਵਾਂ ਤਰ੍ਹਾਂ ਦੀਆਂ ਦਵਾਈਆਂ ਐਲਰਜੀ ਤੋਂ ਅਸਥਾਈ ਤੌਰ ’ਤੇ ਰਾਹਤ ਦਿੰਦੀਆਂ ਹਨ ਅਤੇ ਆਮ ਤੌਰ ’ਤੇ ਦਿਨ ਪ੍ਰਤੀ ਦਿਨ ਜਾਂ ਅਟੈਕ ਹੋਣ ’ਤੇ ਲੈਣੀਆਂ ਪੈਂਦੀਆਂ ਹਨ। ਪਰ ਇਨ੍ਹਾਂ ਦੇ ਆਪਣੇ ਮਾੜੇ ਪ੍ਰਭਾਵ ਵੀ ਹੁੰਦੇ ਹਨ ਜਿਨ੍ਹਾਂ ਨਾਲ ਨੀਂਦ ਜਾਂ ਘੁਮੇਰੀ ਆਉਣੀ ਅਤੇ ਧਿਆਨ ਲਗਾਉਣ ਵਿੱਚ ਮੁਸ਼ਕਲ ਆਉਣੀ, ਖ਼ਾਸ ਕਰਕੇ ਗੱਡੀ ਚਲਾਉਣ ਵੇਲੇ ਜਾਂ ਕਿਸੇ ਮਸ਼ੀਨ ’ਤੇ ਕੰਮ ਕਰਨ ਸਮੇਂ।

ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਇਸ ਪੀੜਤ ਅਵਸਥਾ ਵਾਸਤੇ ਬਹੁਤ ਢੁਕਵੀਆਂ ਦਵਾਈਆਂ ਉਪਲਬਧ ਹਨ। ਪਰ ਜੇ ਪੀੜਤ ਵਿਅਕਤੀ ਨੂੰ ਉਸ ਦੀ ਪੂਰੀ ਬਣਤਰ, ਉਸ ਦੇ ਸੁਭਾਅ, ਆਦਤਾਂ ਅਤੇ ਜੀਵਨ-ਸ਼ੈਲੀ ਤੋਂ ਇਲਾਵਾ ਐਲਰਜੀ ਕਾਰਨ ਪੈਦਾ ਹੋਏ ਲੱਛਣਾਂ ਨੂੰ ਸਮਝਦਿਆਂ ਹੋਇਆਂ ਢੁਕਵੀਂ ਹੋਮਿਓਪੈਥਿਕ ਦਵਾਈ ਦਿੱਤੀ ਜਾਵੇ ਤਾਂ ਉਸ ਨੂੰ ਐਲਰਜੀ ਤੋਂ ਹਮੇਸ਼ਾ ਵਾਸਤੇ ਛੁਟਕਾਰਾ ਮਿਲ ਸਕਦਾ ਹੈ। ਹੋਮਿਓਪੈਥਿਕ ਦਵਾਈਆਂ ਦਾ ਕੋਈ ਸਾਈਡ-ਅਫ਼ੈਕਟ ਨਹੀਂ ਹੁੰਦਾ ਅਤੇ ਇਹ ਵਿਅਕਤੀ ਦੇ ਦਿਨ ਪ੍ਰਤੀ ਦਿਨ ਦੇ ਕੰਮ ਵਿੱਚ ਵੀ ਅੜਚਨਾਂ ਪੈਦਾ ਨਹੀਂ ਕਰਦੀਆਂ।

ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਹੀ ਸਹੀ ਹੋਮਿਓਪੈਥਿਕ ਦਵਾਈ ਦੀ ਚੋਣ ਕਰਨ ਉਪਰੰਤ ਐਲਰਜੀ ਤੋਂ ਪੀੜਤ ਵਿਅਕਤੀ ਦੀ ਮਦਦ ਕਰ ਸਕਦਾ ਹੈ।

**ਐਲਰਜੀ ਤੋਂ ਬਚਣ ਲਈ ਕੁਝ ਸਹਾਇਕ ਗੁਰ:**

ਧੋਤੇ ਕੱਪੜਿਆਂ ਨੂੰ ਸੁਕਾਉਣ ਲਈ ਖੁੱਲ੍ਹੇ ਵਿੱਚ ਨਾ ਲਟਕਾਓ ਕਿਉਂਕਿ ਕਪੜੇ ਅਤੇ ਚਾਦਰਾਂ ਉੱਪਰ ਪੋਲਨ ਡਸਟ ਜੰਮ ਜਾਂਦੀ ਹੈ।

- ਘਰ ਵਿੱਚ ਅਤੇ ਕਾਰ ਚਲਾਉਂਦੇ ਸਮੇਂ ਖਿੜਕੀਆਂ ਨੂੰ ਬੰਦ ਰੱਖਣ ਦੀ ਕੋਸ਼ਿਸ਼ ਕਰੋ। ਯਾਦ ਰੱਖੋ ਜਿਹੜੀ ਚੀਜ਼ ਮਿੱਟੀ ਜਾਂ ਧੂੜ ਇਕੱਠੀ ਕਰ ਸਕਦੀ ਹੈ ਉਸ ਉੱਪਰ ਪੋਲਨ ਵੀ ਜਮ੍ਹਾਂ ਹੋ ਸਕਦੇ ਹਨ। ਉਦਾਹਰਣ ਵਜੋਂ, ਕਾਰਪੈੱਟ, ਕੰਧ ’ਤੇ ਲਟਾਈਆਂ ਚੀਜ਼ਾਂ, ਪਰਦੇ, ਫ਼ਰਨੀਚਰ ਦੇ ਕਵਰ ਅਤੇ ਹੋਰ ਸਤਹਾਂ ਜਿੱਥੇ ਧੂੜ ਜੰਮ ਸਕਦੀ ਹੈ।
- ਸਵੇਰੇ 6 ਤੋਂ 10 ਵਜੇ ਤਕ ਹਵਾ ਵਿੱਚ ਪੋਲਨ ਦਾ ਅਸਰ ਵਧੇਰੇ ਹੁੰਦਾ ਹੈ। ਇਸ ਲਈ ਇਸ ਸਮੇਂ ਦੌਰਾਨ ਖੁੱਲ੍ਹੇ ਵਿੱਚ ਜਾਣ ਤੋਂ ਗੁਰੇਜ਼ ਕਰੋ।
- ਬਰਸਾਤ ਹੋਣ ਤੋਂ ਬਾਅਦ ਪੋਲਨ ਘਟ ਜਾਂਦਾ ਹੈ। ਲੰਮੇ ਸਮੇਂ ਤਕ ਬਾਹਰ ਰਹਿਣ ਤੋਂ ਬਾਅਦ ਨਹਾ ਕੇ ਕਪੜੇ ਬਦਲਣੇ ਚਾਹੀਦੇ ਹਨ। ਇਸ ਨਾਲ ਪੋਲਨ ਦਾ ਅਸਰ ਘਟ ਜਾਵੇਗਾ।
- ਐਨਕਾਂ ਪਹਿਨਣ ਨਾਲ ਅੱਖਾਂ ’ਤੇ ਪੋਲਨ ਦਾ ਅਸਰ ਘਟ ਜਾਂਦਾ ਹੈ।


ਨਸ਼ਿਆਂ ਤੋਂ ਛੁਟਕਾਰਾ ਪਾਉ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




Night and Day Recovery Centre
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca




ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD & 
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਹਸਗੁੱਲੇ

ਅਮਲੀ- ਡਾਕਟਰ ਸਾਹਿਬ, ਮੈਨੂੰ 2 ਸਾਲ ਪਹਿਲਾਂ ਬੁਖਾਰ ਹੋ ਗਿਆ ਸੀ।

ਡਾਕਟਰ- ਤਾਂ ਹੁਣ ਕੀ ਹੈ?

ਅਮਲੀ : ਤੁਸੀ ਉਸ ਸਮੇਂ ਮੈਨੂੰ ਨਹਾਉਣ ਤੋਂ ਮਨਾ ਕਰ ਦਿੱਤਾ ਸੀ, ਅੱਜ ਮੈਂ ਇੱਥੋਂ ਲੰਘ ਰਿਹਾ ਸੀ ਤਾਂ ਸੋਚਿਆ ਪੁੱਛ ਲਵਾਂ.. "ਕੀ ਮੈਂ ਹੁਣ ਨਹਾ ਸਕਦਾਂ?

********

ਪਤਨੀ ਸ਼ੌਕ ਨਾਲ ਘਰ ਵਿੱਚ ਕੁੱਤਾ ਲੈ ਆਈ..

ਪਤੀ ਗੁੱਸੇ ਵਿੱਚ ਬੋਲਿਆ, ''ਕਿਸੇ ਦਿਨ ਮੈਂ ਤੇਰੇ ਕੁੱਤੇ ਦੀ ਜਾਨ ਲੈ ਲਵਾਂਗਾ।''

ਪਤਨੀ, ''ਕਿਉਂ, ਅਜਿਹਾ ਕੀ ਕੀਤਾ ਇਸ ਨੇ?''

ਪਤੀ, ''ਜਦੋਂ ਵੀ ਮੈਂ ਗਾਉਣ ਲਗਦਾ ਹਾਂ, ਇਹ ਭੌਂਕਣਾ ਸ਼ੁਰੂ ਕਰ ਦਿੰਦਾ ਹੈ।''

ਪਤਨੀ, ''ਇਸ ਵਿੱਚ ਇਸਦਾ ਕੀ ਕਸੂਰ ਹੈ, ਸ਼ੁਰੂਆਤ ਤਾਂ ਤੁਸੀਂ ਹੀ ਕਰਦੇ ਹਾਂ।''

********

ਭਿਖਾਰੀ, ''ਭਗਵਾਨ ਦੇ ਲਈ ਅੰਨ੍ਹੇ ਭਿਖਾਰੀ ਨੂੰ ਕੁਝ ਦੇ ਦਿਓ ਬਾਬਾ।''

ਰਾਹਗੀਰ, ''ਭੀਖ ਤਾਂ ਦੇ ਦਿਆਂ, ਪਰ ਕਿਵੇਂ ਮੰਨ ਲਵਾਂ ਕਿ ਤੂੰ ਅੰਨ੍ਹਾ ਏਂ?''

ਭਿਖਾਰੀ, ''ਸਾਹਿਬ ਕੀ ਤੁਹਾਨੂੰ ਸਾਹਮਣੇ ਵਾਲੇ ਲਾਲ ਮਕਾਨ ਉਤੇ ਬੈਠਾ ਸਫੈਦ ਕਬੂਤਰ ਨਜ਼ਰ ਆ ਰਿਹਾ ਹੈ।''

ਰਾਹਗੀਰ, ''ਹਾਂ ਮੈਨੂੰ ਤਾਂ ਨਜ਼ਰ ਆ ਰਿਹਾ ਹੈ।''

ਭਿਖਾਰੀ, ''...ਪਰ ਮੈਨੂੰ ਉਹ ਨਜ਼ਰ ਨਹੀਂ ਆ ਰਿਹੈ।''

********

ਕ੍ਰਿਸ਼ਨ ਨੇ ਆਪਣੀ ਪਤਨੀ ਚੰਚਲ ਨੂੰ ਕਿਹਾ, ''ਜੇ ਤੂੰ ਇੱਕ ਦਿਨ ਮੈਨੂੰ ਆਪਣੇ ਹੱਥ ਨਾਲ ਖਾਣਾ ਬਣਾ ਕੇ ਖੁਆ ਦੇਵੇਂ ਤਾਂ ਮੈਂ ਤੈਨੂੰ ਅਜਿਹੀ ਖਬਰ ਸੁਣਾਵਾਂਗਾ, ਜਿਸ ਨੂੰ ਸੁਣ ਕੇ ਤੂੰ ਉਛਲ ਪਵੇਂਗੀ।''

ਉਸੇ ਦਿਨ ਚੰਚਲ ਨੇ ਬੜੇ ਉਤਸ਼ਾਹ ਨਾਲ ਖਾਣਾ ਬਣਾ ਕੇ ਕ੍ਰਿਸ਼ਨ ਨੂੰ ਖਵਾਇਆ ਤੇ ਬੋਲੀ, ''ਸੁਣਾਓ ਖਬਰ?''

''ਕੱਲ੍ਹ ਤੋਂ ਰਸੋਈਆ ਖਾਣਾ ਬਣਾਉਣ ਨਹੀਂ ਆਏਗਾ?'' ਕ੍ਰਿਸ਼ਨ ਨੇ ਕਿਹਾ।

********

ਸੰਤਾ :- ਤੁਸੀਂ ਹਸਪਤਾਲ ਤੋਂ ਬਿਨਾਂ ਅਪਰੇਸ਼ਨ ਕਰਵਾਏ ਕਿਉਂ ਭੱਜ ਗਏ?

ਬੰਤਾ :- ਨਰਸ ਵਾਰ-ਵਾਰ ਕਹਿ ਰਹੀ ਸੀ ਕਿ ਡਰੋ ਨਾ, ਹਿੰਮਤ ਰੱਖੋ, ਕੁਝ ਨਹੀਂ ਹੋਵੇਗਾ.. ਇਹ ਤਾਂ ਇੱਕ ਛੋਟਾ ਜਿਹਾ ਅਪਰੇਸ਼ਨ ਹੈ!

ਸੰਤਾ: ਤਾਂ ਡਰਨ ਵਾਲੀ ਕੀ ਗੱਲ ਹੈ? ਨਰਸ ਠੀਕ ਤਾਂ ਕਹਿ ਰਹੀ ਸੀ!

ਬੰਤਾ :- ਜੀਜਾ, ਉਹ ਮੈਨੂੰ ਨਹੀਂ ਡਾਕਟਰ ਕਹਿ ਰਹੀ ਸੀ !!!

********

ਸੰਤਾ ਪਹਿਲੀ ਵਾਰ 5 ਸਟਾਰ ਹੋਟਲ ਗਿਆ... ਚਾਹ ਦਾ ਆਰਡਰ ਕੀਤਾ ...

ਕੁਝ ਹੀ ਮਿੰਟਾਂ ਵਿੱਚ, ਇੱਕ ਸੂਟਿਡ ਬੂਟਿਡ ਵੇਟਰ ਕੇਤਲੀ ਵਿੱਚ ਗਰਮ ਪਾਣੀ, ਇੱਕ ਕੇਤਲੀ ਵਿੱਚ ਦੁੱਧ, ਚਾਹ ਪੱਤੀਆਂ ਦਾ ਇੱਕ ਥੈਲਾ ਅਤੇ ਕੁਝ ਚੀਨੀ ਦੇ ਕਿਊਬ ਦੇ ਕੇ ਚਲਾ ਗਿਆ।

ਥੋੜੀ ਦੇਰ ਬਾਅਦ ਵੇਟਰ ਨੇ ਆ ਕੇ ਪੁੱਛਿਆ: ਸਰ ਕੀ ਤੁਸੀਂ ਹੋਰ ਕੁਝ ਲੈਣਾ ਚਾਹੋਗੇ?

ਸੰਤਾ ਨੇ ਕਿਹਾ: ਮੈਂ ਵੀ ਬਿਰਯਾਨੀ ਖਾਣਾ ਚਾਹੁੰਦਾ ਸੀ, ਪਰ ਰਹਿਣ ਦਿਓ... ਮੈਨੂੰ ਖਾਣਾ ਬਣਾਉਣਾ ਨਹੀਂ ਆਉਂਦਾ !!!

********

ਭਿਖਾਰੀ : 5 ਰੁਪਏ ਦਾ ਸਵਾਲ ਹੈ ਬਾਬਾ !

ਸੰਤਾ: ਪੁੱਛੋ, ਸ਼ਾਇਦ ਮੈਂਨੂੰ ਉੱਤਰ ਯਾਦ ਹੋਵੇ!

ਭਿਖਾਰੀ: ਬੇਹੋਸ਼....

********

ਸੰਤਾ ਦੇ ਹੱਥ ਵਿਚ ਨਵਾਂ ਫ਼ੋਨ ਦੇਖ ਕੇ ਬੰਤਾ ਬੋਲਿਆ: ਤੁਸੀਂ ਨਵਾਂ ਫ਼ੋਨ ਕਦੋਂ ਲਿਆ?

ਸੰਤਾ: ਨਵਾਂ ਨਹੀਂ, ਇਹ ਸਹੇਲੀ ਦਾ ਹੈ!

ਬੰਤਾ : ਸਹੇਲੀ ਦਾ ਫੋਨ ਕਿਉਂ ਲਿਆਇਆ ?

ਸੰਤਾ : ਰੋਜ ਕਹਿੰਦਾ ਸੀ, ਮੇਰਾ ਫ਼ੋਨ ਨਾ ਚੁੱਕੋ..! ਅੱਜ ਇੱਕ ਮੌਕਾ ਮਿਲਿਆ, ਇਸ ਲਈ ਇਸਨੂੰ ਚੁੱਕਿਆ !!

********

ਬੰਤਾ ਆਪਣੀ ਪਤਨੀ ਨੂੰ ਅੰਗਰੇਜ਼ੀ ਪੜ੍ਹਾ ਰਿਹਾ ਸੀ।

ਦੁਪਹਿਰ ਨੂੰ ਪਤਨੀ ਨੇ ਕਿਹਾ, "ਰਾਤ ਦਾ ਖਾਣਾ ਖਾਹ ਲਵੋ...

ਬੰਤਾ - ਮੂਰਖ ਔਰਤ, ਇਹ ਰਾਤ ਦਾ ਖਾਣਾ ਨਹੀਂ, ਦੁਪਹਿਰ ਦਾ ਖਾਣਾ ਹੈ...।"

ਘਰਵਾਲੀ -ਕਮਲਿਆ....ਇਹ ਰਾਤ ਦਾ ਬਚਿਆ ਹੋਇਆ ਭੋਜਨ ਹੈ....ਚੁੱਪ ਕਰ ਕੇ ਚਰ ਲੈ।

********

ਸੰਤਾ ਨੇ ਹਲਵਾਈ ਦੀ ਦੁਕਾਨ 'ਤੇ ਅੱਧਾ ਕਿਲੋ ਜਲੇਬੀਆਂ ਲੈ ਕੇ ਖਾ ਲਈਆਂ!

ਦੁਕਾਨਦਾਰ ਨੇ ਕਿਹਾ - ਆਹ ਜਲੇਬੀਆਂ ਦੇ ਪੈਸੇ ਦਿਉ।

ਸੰਤਾ - ਪੈਸਾ ਤਾ ਮੇਰੇ ਕੋਲ ਹੈ ਨਹੀਂ ..

ਇਸ 'ਤੇ ਦੁਕਾਨਦਾਰ ਨੇ ਆਪਣੇ ਲੜਕੇ ਨੂੰ ਬੁਲਾ ਕੇ ਸੰਤਾ ਦੀ ਚੰਗੀ ਕੁੱਟਮਾਰ ਕੀਤੀ।

ਕੁੱਟ ਖਾਣ ਤੋਂ ਬਾਅਦ ਸੰਤਾ ਉੱਠਿਆ ਅਤੇ ਹੱਥ-ਪੈਰ ਝਾੜ ਕੇ ਕਿਹਾ,ਇਸੇ ਭਾਅ ਇੱਕ ਕਿੱਲੋ ਹੋਰ ਤੋਲ ਦਿਓ।

********

ਦੋ ਅਮਲੀ ਨਸ਼ੇ ਵਿੱਚ ਰੇਲਵੇ ਪਟੜੀ ਦੇ ਵਿਚਕਾਰ ਜਾ ਰਹੇ ਸਨ।

ਪਹਿਲਾ ਅਮਲੀ: ਓ ਮੇਰੇ ਰੱਬ, ਮੈਂ ਪਹਿਲਾਂ ਕਦੇ ਇੰਨੀਆਂ ਪੌੜੀਆਂ ਕਦੇ ਨਹੀਂ ਚੜ੍ਹਿਆ?

ਦੂਸਰਾ ਅਮਲੀ : ਆਹ ਪੌੜੀਆਂ ਤਾਂ ਠੀਕ ਹਨ, ਮੈਂ ਤਾਂ ਹੈਰਾਨ ਹਾਂ ਕਿ ਰੇਲਿੰਗ ਪੁਠੀ ਲਾਈ ਹੈ ਕੋਡੇ ਹੋ ਕੇ ਫੜ੍ਹਨੀ ਪੈ ਰਹੀ ਹੈ।

********

ਸੰਤਾ ਖੁਦ ਰੋਟੀ ਖਾ ਰਿਹਾ ਸੀ ਅਤੇ ਕੋਲ ਬੈਠੀ ਕੁਕੜੀ ਨੂੰ ਖੁਆ ਰਿਹਾ ਸੀ...

ਬੰਤਾ :- "ਇਹ ਕੀ ਕਰ ਰਿਹਾ ਹੈ? ,

ਸੰਤਾ :- "ਮੈਂ ਚਿਕਨ ਨਾਲ ਰੋਟੀ ਖਾ ਰਿਹਾ ਹਾਂ"

********

ਮੋਹਨ ਦਾਸ ਬਹੁਤ ਪਰੇਸ਼ਾਨ ਸੀ, ਗਰੀਬ ਦਾ ਵਿਆਹ ਨਹੀਂ ਹੋ ਰਿਹਾ ਸੀ। ਹਰ ਵਾਰ ਵਿਆਹ ਹੁੰਦਾ, ਟੁੱਟ ਜਾਂਦਾ। ਮੇਰੇ ਸਾਰੇ ਦੋਸਤਾਂ ਨੂੰ ਪੁੱਛਿਆ ਪਰ ਕੋਈ ਹੱਲ ਨਹੀਂ ਹੋਇਆ।

ਮੋਹਨ ਦਾਸ ਇੱਕ ਦਿਨ ਇੱਕ ਪੰਡਿਤ ਉਸ ਕੋਲ ਪਹੁੰਚਿਆ ਅਤੇ ਕਿਹਾ - ਪੰਡਿਤ ਜੀ ਮੈਨੂੰ ਕੋਈ ਹੱਲ ਦੱਸੋ, ਮੇਰਾ ਵਿਆਹ ਕਿਉਂ ਨਹੀਂ ਹੋ ਰਿਹਾ?

ਪੰਡਿਤ ਜੀ ਨੇ ਕਿਹਾ- ਵਿਆਹ ਤਾਂ ਹੋ ਜਾਵੇਗਾ, ਪਰ ਸਭ ਤੋਂ ਪਹਿਲਾਂ ਹਮੇਸ਼ਾ ਲਈ ਖੁਸ਼ ਰਹਿਣ ਲਈ ਲੋਕਾਂ ਤੋਂ ਆਸ਼ੀਰਵਾਦ ਲੈਣਾ ਬੰਦ ਕਰ ਦਿਓ।

********

ਬਿੱਲੂ: ਅੱਜ ਸਵੇਰੇ ਇੱਕ ਬਿੱਲੀ ਨੇ ਮੇਰਾ ਰਸਤਾ ਕੱਟ ਦਿੱਤਾ

ਬੰਤਾ : ਫਿਰ ?

ਬਿੱਲੂ: ਫੇਰ ਕੀ ਅੱਗੇ ਜਾ ਕੇ ਉਸ ਬਿੱਲੀ ਦਾ ਐਕਸੀਡੈਂਟ ਹੋ ਗਿਆ? ...ਸਾਡੇ ਨਾਲ ਪੰਗਾ ਲੈਂਦੀ ਸੀ!

********

ਇੱਕ ਆਦਮੀ ਸ਼ਰਾਬ ਪੀ ਕੇ ਨੰਬਰ ਡਾਇਲ ਕਰਦਾ ਹੈ ਤਾਂ ਹੀ ਕੁੜੀ ਦੀ ਆਵਾਜ਼ ਆਉਂਦੀ ਹੈ, "ਤੁਹਾਡੇ ਕੋਲ ਕਾਲ ਕਰਨ ਲਈ ਇੰਨਾ ਬੈਲੇਂਸ ਨਹੀਂ ਹੈ, ਕਿਰਪਾ ਕਰਕੇ ਫੋਨ ਨੂੰ ਰੀਚਾਰਜ ਕਰੋ"

ਸ਼ਰਾਬੀ: ਪਿਆਰੀ ਤੇਰੇ ਨਾਲ ਗੱਲ ਹੋ ਗਈ ਤੇਰੇ ਬੋਲ ਸਾਡੇ ਲਈ ਕਾਫੀ ਹਨ!

********

ਪਤਨੀ - ਸੁਣੋ ਜਦੋਂ ਸਾਡਾ ਨਵਾਂ ਨਵਾ ਵਿਆਹ ਹੋਇਆਂ ਸੀ,

ਉਸ ਸਮੇਂ ਜਦੋਂ ਮੈਂ ਖਾਣਾ ਪਕਾਉਂਦਾ ਸੀ, ਤੁਸੀਂ ਖੁਦ ਘੱਟ ਖਾਂਦੇ ਸੀ,

ਮੈਨੂੰ ਬਹੁਤ ਖੁਆਇਆ ਕਰਦੇ ਸੀ।

ਪਤੀ - ਤਾਂ ? ਪਤਨੀ - ਫਿਰ ਤੁਸੀਂ ਹੁਣ ਅਜਿਹਾ ਕਿਉਂ ਨਹੀਂ ਕਰਦੇ?

ਪਤੀ - ਕਿਉਂਕਿ ਹੁਣ ਤੂੰ ਚੰਗੀ ਤਰ੍ਹਾਂ ਖਾਣਾ ਬਣਾਉਣਾ ਸਿੱਖ ਲਿਆ ਹੈ ...

********

ਇੱਕ ਅਮਲੀ ਦਰਖਤ ਦੀ ਟਾਹਣੀਂ ਨਾਲ ਉਲਟਾ ਲਟਕ ਰਿਹਾ ਸੀ,ਦੂਸਰੇ ਅਮਲੀ ਨੇ ਪੁੱਛਿਆ - ਅਮਲੀਆ ਕੀ ਕਰ ਰਿਹੈ ?

ਸੰਤਾ - ਕੁਝ ਨਹੀਂ ਮੈਂ ਸਿਰਦਰਦ ਦੀ ਗੋਲੀ ਖਾਧੀ ਹੈ,ਕਿਤੇ ਪੇਟ ਵਿੱਚ ਨਾ ਚਲੀ ਜਾਵੇ!!!

********

ਇੱਕ ਵਾਰ ਇੱਕ ਅਮਲੀ ਡਬਲ ਡੈਕਰ ਬੱਸ ਵਿੱਚ ਚੜ੍ਹ ਗਿਆ... ਕੰਡਕਟਰ ਨੇ ਟਿਕਟ ਕੱਟ ਉਸਨੂੰ ਉੱਪਰ ਭੇਜ ਦਿੱਤਾ, ਸੰਤਾਜਦੋਂ ਬੱਸ ਚੱਲੀ ਤਾਂ ਅਮਲੀ ਭੱਜਦਾ ਹੋਇਆ ਵਾਪਸ ਕੰਡਕਟਰ ਕੋਲ ਆਇਆ ਅਤੇ ਕਿਹਾ।

" ਸਾਲਿਆ ਆਪਣੇਂ ਜੀਜੇ ਨੂੰ ਮਰਵਾਉਂਣੈ, ਉਪਰ ਤਾਂ ਡਰਾਈਵਰ ਹੀ ਨਹੀਂ"

********

ਇੱਕ ਆਦਮੀ ਦੋ ਮਹੀਨੇ ਤੋਂ ਹਸਪਤਾਲ ਵਿੱਚ ਸੀ.. ਜਦੋਂ ਉਸ ਨੂੰ ਡਿਸਚਾਰਜ ਕਰਨ ਲੱਗੇ ਤਾਂ ਉਸ ਨੇ ਮਹਿਸੂਸ ਕੀਤਾ ਕਿ ਉਸ ਨੂੰ ਨਰਸ ਨਾਲ ਪਿਆਰ ਹੋ ਗਿਆ ਹੈ ਤੇ ਨਰਸ ਨੂੰ ਦਿਲ ਦੀ ਗੱਲ ਕਹਿਣੀ ਚਾਹੀਦੀ ਹੈ, ਉਸ ਨੇ ਜਿਵੇਂ ਹੀ ਨਰਸ ਨੂੰ ਦੇਖਿਆ ਤਾਂ ਬੋਲਿਆ, ''ਆਈ ਲਵ ਯੂ ਨਰਸ, ਤੂੰ ਤਾਂ ਮੇਰਾ ਦਿਲ ਹੀ ਚੋਰੀ ਕਰ ਲਿਆ ਹੈ।''

ਨਰਸ (ਘਬਰਾ ਕੇ),''ਸਹੁੰ ਲੱਗੇ ਜੀ, ਦਿਲ ਨੂੰ ਅਸੀਂ ਹੱਥ ਹੀ ਨਹੀਂ ਲਾਇਆ, ਅਸੀਂ ਤਾਂ ਸਿਰਫ਼ ਤੁਹਾਡੀ ਕਿਡਨੀ ਚੋਰੀ ਕੀਤੀ ਹੈ।''

********

10ਵੀਂ ਜਮਾਤ ਦਾ ਵਿਦਿਆਰਥੀ, ''ਮੈਂ ਫੇਲ ਹੋਣਾ ਚਾਹੁੰਦਾ ਹਾਂ।''

ਦੋਸਤ, ਕਿਉਂ?

ਵਿਦਿਆਰਥੀ, ''ਪਾਪਾ ਨੇ ਕਿਹਾ ਹੈ ਕਿ ਪਹਿਲੇ ਨੰਬਰ 'ਤੇ ਆਇਆ ਤਾਂ ਸਾਇੰਸ ਦਿਵਾਵਾਂਗਾ, ਦੂਜੇ ਨੰਬਰ ਆਇਆ ਤਾਂ ਆਰਟਸ ਅਤੇ ਫੇਲ ਹੋਇਆ ਤਾਂ ਵਿਆਹ ਕਰਵਾ ਦੇਵਾਂਗਾ।

**************************

ਪਤੀ, ''ਅੱਜ ਕਿਤੇ ਬਾਹਰ ਖਾਣਾ ਖਾਣ ਚੱਲਦੇ ਹਾਂ।''

ਪਤਨੀ, ''ਕਿਉਂ, ਮੇਰੇ ਹੱਥ ਦਾ ਬਣਿਆ ਖਾਣਾ ਚੰਗਾ ਨਹੀਂ ਲੱਗਦਾ?''

ਪਤੀ, ''ਅਜਿਹਾ ਨਹੀਂ ਹੈ, ਅਸਲ ਵਿੱਚ ਅੱਜ ਮੇਰਾ ਭਾਂਡੇ ਮਾਂਜਣ ਦਾ ਮੂਡ ਨਹੀਂ ਹੈ।''

**************************

ਮਹਿੰਦਰ (ਕੁੜੀ ਨੂੰ), ''ਮੈਨੂੰ ਤੂੰ ਬਹੁਤ ਪਸੰਦ ਏਂ।''

ਕੁੜੀ, ''ਮੇਰੀ ਚੱਪਲ ਦਾ ਸਾਈਜ਼ ਪਤਾ ਹੈ ਨਾ?''

ਮਹਿੰਦਰ, ''ਲਓ ਕਰ ਲਓ ਗੱਲ, ਦੋਸਤੀ ਅਜੇ ਹੋਈ ਨਹੀਂ ਕਿ ਫਰਮਾਇਸ਼ਾਂ ਸ਼ੁਰੂ।''

**************************

ਚਿੰਟੂ, ''ਓ ਭਰਾ, ਤੇਰੀ ਪਤਨੀ ਦੇ ਗੋਡੇ ਦਾ ਦਰਦ ਦੂਰ ਹੋਇਆ ਜਾ ਨਹੀਂ?''

ਰਾਹੁਲ, ''ਹਾਂ ਯਾਰ, ਡਾਕਟਰ ਨੂੰ ਦਿਖਾਉਂਦਿਆਂ ਹੀ ਦੂਰ ਹੋ ਗਿਆ।''

ਚਿੰਟੂ (ਹੈਰਾਨੀ ਨਾਲ), ''ਅੱਛਾ ਕਿਹੜੀ ਦਵਾਈ ਨਾਲ?''

ਰਾਹੁਲ, ''ਦਵਾਈ ਵਗੈਰਾ ਕੁਝ ਨਹੀਂ। ਬਸ ਡਾਕਟਰ ਨੇ ਦੱਸਿਆ ਕਿ ਇਹ ਬੁਢਾਪੇ ਦੀ ਨਿਸ਼ਾਨੀ ਹੈ,

ਉਸ ਦਿਨ ਤੋਂ ਬਾਅਦ ਉਸ ਨੇ ਦਰਦ ਦੀ ਸ਼ਿਕਾਇਤ ਨਹੀਂ ਕੀਤੀ।''

**************************

ਮਾਂ (ਬੇਟੇ ਨੂੰ), ''ਬੇਟਾ, ਘਰ ਵਿੱਚ ਕਾਇਦੇ ਨਾਲ ਰਹਿਣਾ ਚਾਹੀਦਾ ਹੈ।''

ਬੇਟੇ ਨੇ ਸਿਰ ਹਿਲਾ ਕੇ ਕਿਹਾ, ''ਮੰਮੀ ਸਮਝ ਆ ਗਈ, ਜਿਵੇਂ ਪਾਪਾ ਰਹਿੰਦੇ ਹਨ।''

**************************







# ਮੁਸਲਮਾਨਾਂ, ਸਿੱਖਾਂ ਬਾਅਦ ਹੁਣ ਈਸਾਈ ਭਗਵੀਂ ਸਿਆਸਤ ਦੀ ਫਿਰਕੂ ਨੀਤੀ ਦਾ ਨਿਸ਼ਾਨਾ ਬਣੇ

ਯੂਨਾਈਟਿਡ ਕ੍ਰਿਸਚੀਅਨ ਫੋਰਮ ਅਨੁਸਾਰ ਅੱਠ ਮਹੀਨਿਆਂ ਦੌਰਾਨ ਈਸਾਈਆਂ ਉੱਤੇ 525 ਹਮਲੇ ਹੋਏ।ਮਨੀਪੁਰ ਵਿੱਚ ਪਿਛਲੇ ਚਾਰ ਮਹੀਨਿਆਂ ਵਿੱਚ 642 ਚਰਚਾਂ ਨੂੰ ਨਿਸ਼ਾਨਾ ਬਣਾਇਆ ਗਿਆ।ਭਾਜਪਾ ਦੀ ਹਿੰਦੂਤਵੀ ਮੁਹਿੰਮ ਦਾ 2014 ਤੋਂ ਮੁੱਖ ਸ਼ਿਕਾਰ ਮੁਸਲਮਾਨ ਤੋਂ ਖਾਲਿਸਤਾਨ ਦੇ ਨਾਮ ਉਪਰ ਸਿਖ ਰਹੇ ਹਨ। ਪਿਛਲੇ ਸਾਢੇ 9 ਸਾਲਾਂ ਦੌਰਾਨ ਭਾਰਤ ਭਰ ਵਿੱਚ ਅਜਿਹਾ ਮਾਹੌਲ ਬਣਾਇਆ ਗਿਆ ਕਿ ਆਖਰ ਮੁਸਲਮਾਨ ਅਬਾਦੀ ਨੇ 'ਦੜ ਵੱਟ, ਜ਼ਮਾਨਾ ਕੱਟ, ਭਲੇ ਦਿਨ ਆਵਣਗੇ' ਦੀ ਤਰਜ਼ ਉੱਤੇ ਘਰਾਂ ਅੰਦਰ ਵੜ ਕੇ ਦਿਨ ਕੱਟਣ ਨੂੰ ਹੀ ਤਰਜੀਹ ਦਿੱਤੀ।

ਹਾਲਾਂਕਿ ਸਿਖਾਂ ਵਲੋਂ ਵਿਰੋਧ ਜਾਰੀ ਰਿਹਾ ਹੈ ਹੁਣ ਹਿੰਦੂ ਰਾਸ਼ਟਰਵਾਦੀਆਂ ਨੇ ਆਪਣੇ ਹਿੰਸਕ ਹਮਲਿਆਂ ਦਾ ਰੁਖ ਈਸਾਈਆਂ ਵੱਲ ਕਰ ਲਿਆ ਹੈ।

ਦਿੱਲੀ ਦੀ ਯੂਨਾਈਟਿਡ ਕ੍ਰਿਿਅਨ ਫੋਰਮ ਨਾਮੀ ਸੁਸਾਇਟੀ ਨੇ ਬੀਤੀ 7 ਸਤੰਬਰ ਨੂੰ ਆਪਣੀ ਇੱਕ ਰਿਪੋਰਟ ਪੇਸ਼ ਕਰਕੇ ਦੱਸਿਆ ਹੈ ਕਿ ਚਾਲੂ ਵਰ੍ਹੇ ਦੇ ਪਹਿਲੇ ਅੱਠ ਮਹੀਨਿਆਂ ਦੌਰਾਨ ਭਾਰਤ ਵਿੱਚ ਈਸਾਈਆਂ ਉੱਤੇ 525 ਹਮਲੇ ਹੋਏ ਹਨ। ਜੇਕਰ ਇਹੋ ਵਰਤਾਰਾ ਰਿਹਾ ਤਾਂ ਇਹ ਵਰ੍ਹਾ ਪਿਛਲੇ ਸਾਰੇ ਰਿਕਾਰਡ ਤੋੜ ਦੇਵੇਗਾ। ਮਨੀਪੁਰ ਵਿੱਚ ਚਾਰ ਮਹੀਨਿਆਂ ਤੋਂ ਈਸਾਈਆਂ ਵਿਰੁੱਧ ਹੋ ਰਹੀ ਹਿੰਸਾ ਕਾਰਨ ਇਸ ਗਿਣਤੀ ਵਿੱਚ ਵੱਡਾ ਵਾਧਾ ਹੋ ਸਕਦਾ ਹੈ।

ਸੁਪਰੀਮ ਕੋਰਟ ਵਿੱਚ ਦਾਖ਼ਲ ਕੀਤੀ ਇੱਕ ਰਿੱਟ ਅਨੁਸਾਰ ਮਨੀਪੁਰ ਵਿੱਚ ਪਿਛਲੇ ਚਾਰ ਮਹੀਨਿਆਂ ਵਿੱਚ 642 ਚਰਚਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਜੂਨ ਵਿੱਚ ਇੰਫਾਲ ਦੇ ਆਰਕਬਿਸ਼ਪ ਨੇ ਕਿਹਾ ਸੀ ਕਿ ਸਿਰਫ਼ 36 ਘੰਟਿਆਂ ਵਿੱਚ 249 ਚਰਚ ਸਾੜ ਦਿੱਤੇ ਗਏ ਸਨ। 2011 ਦੀ ਜਨਗਣਨਾ ਮੁਤਾਬਕ ਭਾਰਤ ਵਿੱਚ ਈਸਾਈਆਂ ਦੀ ਅਬਾਦੀ 2.3 ਫੀਸਦੀ ਹੈ।

2012 ਤੋਂ 2022 ਤੱਕ 11 ਸਾਲਾਂ ਦੌਰਾਨ ਈਸਾਈਆਂ ਉੱਤੇ ਹਮਲਿਆਂ ਦੀਆਂ ਘਟਨਾਵਾਂ ਚਾਰ ਗੁਣਾ ਵਧ ਚੁੱਕੀਆਂ ਹਨ। ਪਹਿਲਾ ਵੱਡਾ ਵਾਧਾ 2016 ਵਿੱਚ ਹੋਇਆ, ਜਦੋਂ ਇਨ੍ਹਾਂ ਹਮਲਿਆਂ ਦੀਆਂ 247 ਘਟਨਾਵਾਂ ਦਰਜ ਕੀਤੀਆਂ ਗਈਆਂ ਸਨ। ਅਗਲੇ ਹਰ ਸਾਲ ਇਨ੍ਹਾਂ ਵਿੱਚ ਵਾਧਾ ਹੁੰਦਾ ਰਿਹਾ ਤੇ 2021 ਵਿੱਚ ਹਿੰਸਕ ਘਟਨਾਵਾਂ ਦੀ ਗਿਣਤੀ 505 ਉੱਤੇ ਪਹੁੰਚ ਗਈ ਤੇ 2022 ਵਿੱਚ 599 ਹੋ ਗਈ ਸੀ।

ਸੂਬਿਆਂ ਦੀ ਗੱਲ ਕਰੀਏ ਤਾਂ ਈਸਾਈਆਂ ਉੱਤੇ ਸਭ ਤੋਂ ਵੱਧ ਹਮਲੇ ਉੱਤਰ ਪ੍ਰਦੇਸ਼ ਵਿੱਚ ਯੋਗੀ ਆਦਿੱਤਿਆਨਾਥ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਹੋਏ ਹਨ। 2014 ਵਿੱਚ 18 ਹਮਲਿਆਂ ਤੋਂ ਵਧ ਕੇ 2017 ਵਿੱਚ ਇਹ 50 ਤੇ 2018 ਵਿੱਚ 132 ਤੱਕ ਪੁੱਜ ਗਏ ਸਨ।

'ਹਿਊਮਨ ਰਾਈਟਸ ਵਾਚ' ਦੀ ਏਸ਼ੀਆ ਡਵੀਜ਼ਨ ਦੀ ਉਪ ਨਿਰਦੇਸ਼ਕ ਮੀਨਾਕਸ਼ੀ ਗਾਂਗੁਲੀ ਦਾ ਕਹਿਣਾ ਹੈ ਕਿ ਰਾਜਸੀ ਆਗੂਆਂ ਦੇ ਨਫ਼ਰਤ ਭਰੇ ਭਾਸ਼ਣਾਂ ਤੋਂ ਪ੍ਰੇਰਨਾ ਲੈ ਕੇ ਹਿੰਸਕ ਭੀੜਾਂ ਹਮਲੇ ਕਰਦੀਆਂ ਹਨ।ਈਸਾਈਆਂ ਉੱਪਰ ਹਮਲਿਆਂ ਦੇ ਅੰਕੜੇ ਇਕੱਠੇ ਕਰਨ ਵਾਲੀ ਇੱਕ ਹੋਰ ਸੰਸਥਾ ਈ ਐਫ ਆਈ ਨੇ ਆਪਣੀ ਸਾਲਾਨਾ ਰਿਪੋਰਟ ਵਿੱਚ ਕਿਹਾ ਹੈ ਕਿ ਕਈ ਘਟਨਾਵਾਂ ਵਿੱਚ ਪੁਲਸ ਰਿਪੋਰਟ ਹੀ ਦਰਜ ਨਹੀਂ ਕਰਦੀ।ਕ੍ਰਿਸਚੀਅਨ ਫੋਰਮ ਦੇ ਕੌਮੀ ਕਨਵੀਨਰ ਏ ਸੀ ਮਾਈਕਲ ਨੇ ਕਿਹਾ ਕਿ ਬਹੁਤ ਵਾਰੀ ਪੁਲਸ ਪੀੜਤਾਂ ਉੱਤੇ ਹੀ ਕੇਸ ਦਰਜ ਕਰ ਲੈਂਦੀ ਹੈ ਤੇ ਦੋਸ਼ੀਆਂ ਨੂੰ ਖੁੱਲ੍ਹਾ ਛੱਡ ਦਿੱਤਾ ਜਾਂਦਾ ਹੈ। ਭਾਜਪਾ ਸ਼ਾਸਤ ਰਾਜਾਂ ਵਿੱਚ ਧਰਮ ਤਬਦੀਲੀ ਵਿਰੁੱਧ ਪਾਸ ਕੀਤੇ ਕਾਨੂੰਨਾਂ ਕਾਰਨ ਇੰਜ ਹੁੰਦਾ ਹੈ। ਮਾਈਕਲ ਨੇ ਕਿਹਾ ਕਿ ਇਸ ਸਾਲ 520 ਈਸਾਈ ਪਾਦਰੀਆਂ ਤੇ ਹੋਰਨਾਂ ਨੂੰ ਝੂਠੇ ਕੇਸਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ, ਜਦੋਂ ਕਿ ਕੋਈ ਵੀ ਸ਼ਿਕਾਇਤਕਰਤਾ ਇਹ ਨਹੀਂ ਕਹਿ ਰਿਹਾ ਕਿ ਮੇਰਾ ਜਬਰਨ ਧਰਮ ਤਬਦੀਲ ਕੀਤਾ ਗਿਆ ਹੈ। ਅਸਲ ਵਿੱਚ ਹਿੰਦੂਤਵੀ ਤਾਕਤਾਂ ਈਸਾਈਆਂ ਨੂੰ ਵੀ ਮੁਸਲਮਾਨਾਂ ਵਾਂਗ ਹੀ ਦਹਿਸ਼ਤਜ਼ਦਾ ਕਰਕੇ ਮੁੱਖ ਧਾਰਾ ਤੋਂ ਵੱਖ ਕਰ ਦੇਣਾ ਚਾਹੁੰਦੀਆਂ ਹਨ।

# ਪ੍ਰਧਾਨ ਮੰਤਰੀ ਮੋਦੀ ਨੇ ਫਰਾਂਸ ਕੋਲ ਪੱਗ 'ਤੇ ਲੱਗੀ ਪਾਬੰਦੀ ਦਾ ਮੁੱਦਾ ਨਾ ਚੁੱਕਣ ਕਾਰਣ ਸਿੱਖਾਂ ਵਿਚ ਨਮੋਸ਼ੀ:ਯੂਨਾਇਡ ਸਿੱਖ ਜਥੇਬੰਦੀ ਦੀ ਕੌਮਾਂਤਰੀ ਲੀਗਲ ਡਾਇਰੈਕਟਰ ਮਜਿੰਦਰਪਾਲ ਕੌਰ ਨੇ ਮੁੱਦਾ ਉਠਾਇਆ

ਲੰਡਨ: ਦਿੱਲੀ ਵਿੱਚ ਜੀ20 ਸੰਮੇਲਨ ਦੌਰਾਨ ਸਿੱਖ ਭਾਈਚਾਰੇ ਨੂੰ ਉਮੀਦ ਸੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦੇ ਨਾਲ ਦੁਵੱਲੀ ਗੱਲਬਾਤ ਦੌਰਾਨ ਪੱਗ 'ਤੇ ਬੈਨ ਦਾ ਮਸਲਾ ਜ਼ਰੂਰ ਚੱਕਣਗੇ । ਪਰ ਜਦੋਂ ਭਾਰਤ ਵੱਲੋਂ ਇਸ 'ਤੇ ਕੋਈ ਗੱਲਬਾਤ ਨਹੀ ਕੀਤੀ ਤਾਂ ਹੁਣ ਇਸ ਨੂੰ ਲੈਕੇ ਪੂਰੀ ਦੁਨੀਆ ਦੇ ਸਿੱਖਾਂ ਵਿੱਚ ਨਮੋਸ਼ੀ ਹੈ । ਯੂਨਾਇਟਿਡ ਸਿੱਖ ਜਥੇਬੰਦੀ ਦੀ ਕੌਮਾਂਤਰੀ ਲੀਗਲ ਡਾਇਰੈਕਟਰ ਮਜਿੰਦਰਪਾਲ ਕੌਰ ਨੇ ਕਿਹਾ ਜਿਸ ਦੇਸ਼ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਰਹਿੰਦੇ ਹਨ ਉਸ ਦੇਸ਼ ਦੇ ਪ੍ਰਧਾਨ ਮੰਤਰੀ ਨੇ ਸਿੱਖਾਂ ਦੀ ਪਛਾਣ ਦਾ ਮੁੱਦਾ ਚੁੱਕਣ ਦੀ ਜ਼ਰੂਰਤ ਨਹੀਂ ਸਮਝੀ । ਇਸ ਮੁੱਦੇ ਨੂੰ ਪੂਰੀ ਤਰ੍ਹਾਂ ਅਣਗੋਲਿਆ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਸਿਰਮੋਰ ਸੰਸਥਾ ਸ਼੍ਰੋਮਣੀ ਕਮੇਟੀ ਨੇ ਜੀ20 ਸੰਮੇਲਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਫਰਾਂਸ ਦੇ ਰਾਸ਼ਟਰਪਤੀ ਦੇ ਸਾਹਮਣੇ ਪੱਗ ਬੈਨ ਦੇ ਮਸਲੇ ਨੂੰ ਚੁੱਕਣ ਦੀ ਅਪੀਲ ਕੀਤੀ ਸੀ ਪਰ ਦੋਵਾਂ ਦੇਸ਼ਾਂ ਦੀ ਜੁਆਇੰਟ ਸਟੇਟਮੈਂਟ ਵਿੱਚ ਇਹ ਨਜ਼ਰ ਨਹੀਂ ਆਇਆ ਹੈ।ਯੂਨਾਇਟਿਡ ਸਿੱਖ ਜਥੇਬੰਦੀ ਦੀ ਕੌਮਾਂਤਰੀ ਲੀਗਲ ਡਾਇਰੈਕਟਰ ਮਜਿੰਦਰਪਾਲ ਕੌਰ ਨੇ ਕਿਹਾ ਕਿ ਫਰਾਂਸ ਦੇ ਸਕੂਲਾਂ ਵਿੱਚ ਸਿੱਖਾਂ ਦੀ ਦਸਤਾਰ 'ਤੇ ਪਾਬੰਦੀ 20 ਸਾਲ ਤੋਂ ਲਾਗੂ ਹੈ । ਇਹ ਫਰਾਂਸ ਵਸਦੇ ਸਿੱਖ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਵਿਸ਼ਵਾਸ ਪ੍ਰਗਟਾਉਣ ਦੇ ਅਧਿਕਾਰ ਤੋਂ ਮੁਨਕਰ ਕਰਦੀ ਹੈ। ਭਾਰਤ ਅਤੇ ਫਰਾਂਸ ਦੇ ਆਗੂਆਂ ਵਿਚਾਲੇ ਹਾਲ ਹੀ ਵਿਚ ਹੋਈ ਬੈਠਕ ਦੌਰਾਨ ਇਸ ਮਾਮਲੇ 'ਤੇ ਚੁੱਪੀ ਚਿੰਤਾਜਨਕ ਹੈ। ਡਾਇਰੈਕਟਰ ਮਜਿੰਦਰਪਾਲ ਕੌਰ ਨੇ ਕਿਹਾ ਸਾਨੂੰ ਮਨੁੱਖੀ ਅਧਿਕਾਰਾਂ ਦੀ ਇਸ ਉਲੰਘਣਾ ਨੂੰ ਉਜਾਗਰ ਕਰਨ ਲਈ ਇਕੱਠੇ ਹੋ ਕੇ ਰੈਲੀ ਕਰਨੀ ਚਾਹੀਦੀ ਹੈ ਅਤੇ ਕੌਮਾਂਤਰੀ ਭਾਈਚਾਰੇ ਨੂੰ ਇਸ ਰੋਕ ਨੂੰ ਹਟਾਉਣ ਲਈ ਫਰਾਂਸ 'ਤੇ ਦਬਾਅ ਪਾਉਣ ਦੀ ਅਪੀਲ ਕਰਨੀ ਚਾਹੀਦੀ ਹੈ।ਯੂਨਾਇਡ ਸਿੱਖ ਜਥੇਬੰਦੀ ਦੀ ਕੌਮਾਂਤਰੀ ਲੀਗਲ ਡਾਇਰੈਕਟਰ ਮਜਿੰਦਰਪਾਲ ਕੌਰ ਨੇ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੂੰ ਆਗਾਮੀ ਜਨਰਲ ਅਸੈਂਬਲੀ ਦੀ ਬਹਿਸ ਦੌਰਾਨ ਇਸ ਮੁੱਦੇ 'ਤੇ ਆਪਣੇ ਪ੍ਰਭਾਵ ਦੀ ਵਰਤੋਂ ਕਰਨ ਦਾ ਸੱਦਾ ਦਿੱਤਾ ਹੈਉਨ੍ਹਾਂ ਕਿਹਾ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰ ਕਮੇਟੀ ਨੇ 2012 ਵਿੱਚ ਇਸ ਪਾਬੰਦੀ ਨੂੰ ਧਾਰਮਿਕ ਅਧਿਕਾਰਾਂ ਦੀ ਉਲੰਘਣਾ ਵਜੋਂ ਕਰਾਰ ਦਿੱਤਾ ਸੀ। ਪਰ ਇਸ ਦੇ ਬਾਵਜੂਦ ਫਰਾਂਸ ਆਪਣੇ ਕਦਮ ਤੋਂ ਪਿੱਛੇ ਹੱਟਣ ਲਈ ਤਿਆਰ ਨਹੀਂ ਹੈ । ਯੂਨਾਇਟਿਡ ਸਿੱਖ ਜਥੇਬੰਦੀ ਨੇ ਦੁਨੀਆ ਭਰ ਦੇ ਸਿੱਖਾਂ ਨੂੰ ਫਰਾਂਸ ਪੱਗ ਵਿਰੋਧੀ ਕਾਨੂੰਨੀ ਖਿਲਾਫ ਆਵਾਜ਼ ਬੁਲੰਦ ਕਰਨ ਦੀ ਅਪੀਲ ਕਰਦੇ ਹੋਏ ਕਿਹਾ ਹੈ ਕਿ ਏਕੇ ਦਾ ਸੁਨੇਹਾ ਦੇਕੇ ਅਸੀਂ ਰਲ ਕੇ ਸਿੱਖ ਦਸਤਾਰ ਦੀ ਪਾਬੰਦੀ ਨੂੰ ਅਤੀਤ ਦੀ ਗੱਲ ਬਣਾ ਸਕਦੇ ਹਾਂ।

ਆਪਣੇ ਵਪਾਰ ਦੇ ਵਾਧੇ ਲਈ
ਇਸ਼ਤਿਹਾਰ ਪਾਉਣ ਲਈ ਫੋਨ ਕਰੋ
778-869-1097

GARCHA Plumbing
Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ
ਵਾਟਰ ਟੈਂਕ ਉਸੇ ਦਿਨ
ਬਦਲ ਦੇ ਹਾਂ



Amarjit Singh Garcha
604-306-3276
Big Or Small, We Do It All

Full Cleaning Service
ਦਫਤਰ, ਨਵੇਂ ਪੁਰਾਣੇ ਘਰ ਦੀ ਤਸੱਲੀਬਖਸ਼ ਸਫਾਈ ਕਰਦੇ ਹਾਂ।ਵੀਕਐਂਡ ਅਤੇ ਸ਼ਾਮ ਨੂੰ ਵੀ ਸੇਵਾਵਾਂ ਦਿੰਦੇ ਹਾਂ।
ਹੋਰ ਜਾਣਕਾਰੀ ਲਈ ਫੋਨ ਕਰੋ
604-518-4698

The Grand Taj
THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more
ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com
Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS
Capacity from 100 to 1200
Ladies Parties Special

# ਖਾਲੜਾ ਪਿੰਡ ਦਾ ਜਸਕਰਨ ਸਿੰਘ ਬਣਿਆ ਕਰੋੜਪਤੀ



ਅੰਮ੍ਰਿਤਸਰ:ਮੇਰਾ ਟੀਚਾ ਸੀ ਕਿ ਮੈਂ ਉਸ ਹੌਟ ਸੀਟ 'ਤੇ ਬੈਠਾ ਤੇ 7 ਕਰੋੜ ਜਿੱਤ ਕੇ ਹੀ ਆਵਾਂ।ਇਹੋ ਜਿਹਾ ਕੁਝ ਵੀ ਨਹੀਂ ਆਇਆ ਸੀ ਜਿਸ ਨੂੰ ਦੇਖ ਕੇ ਲੱਗਾ ਹੋਵੇ ਕਿ ਮੇਰੀ ਗੇਮ ਖ਼ਤਮ ਹੋ ਗਈ। ਜਿੱਥੇ ਮੇਰਾ ਨਾਮ ਨਹੀਂ ਪਹੁੰਚਿਆ ਉੱਥੇ ਖਾਲੜੇ ਦਾ ਨਾਮ ਪਹੁੰਚਿਆ ਹੈ।

ਇਹ ਜਜ਼ਬਾ ਹੈ ਜਸਕਰਨ ਸਿੰਘ ਦਾ, ਜੋ ਹਾਲ ਹੀ ਵਿੱਚ ਸੋਨੀ ਟੀਵੀ ਦੇ ਸ਼ੋਅ 'ਕੌਣ ਬਣੇਗਾ ਕਰੋੜਪਤੀ' ਵਿੱਚ ਇੱਕ ਕਰੋੜ ਰੁਪਏ ਜਿੱਤ ਕੇ ਆਪਣੇ ਘਰ ਪਰਤੇ ਹਨ।ਜਸਕਰਨ ਸਿੰਘ ਜਦੋਂ ਆਪਣੇ ਪਿੰਡ ਪਰਤੇ ਤਾਂ ਉਨ੍ਹਾਂ ਦਾ ਪਿੰਡ ਵਾਲਿਆਂ ਨੇ ਢੋਲ ਦੇ ਡਗੇ ਨਾਲ ਭਰਵਾਂ ਸੁਆਗਤ ਕੀਤਾ।

ਜਸਕਰਨ ਸਿੰਘ ਪੰਜਾਬ ਦੇ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਖਾਲੜਾ ਦੇ ਰਹਿਣ ਵਾਲੇ ਹਨ ਅਤੇ ਇੱਕ ਸਧਾਰਨ ਪਰਿਵਾਰ ਨਾਲ ਸਬੰਧਤ ਹਨ।21 ਸਾਲਾ ਜਸਕਰਨ ਸਿੰਘ ਅਦਾਕਾਰ ਅਮਿਤਾਬ ਬਚਨ ਵੱਲੋਂ ਹੋਸਟ ਕੀਤੇ ਜਾਦੇ ਸ਼ੋਅ ਵਿੱਚ ਜਾਣ ਲਈ ਪਿਛਲੇ 4 ਸਾਲਾਂ ਤੋਂ ਮਿਹਨਤ ਕਰ ਰਹੇ ਸਨ।ਪੈਸੇ ਜਿੱਤਣ ਤੋਂ ਬਾਅਦ ਜਦੋਂ ਉਨ੍ਹਾਂ ਨੂੰ ਪੁੱਛਿਆ ਕਿ ਉਹ ਇਸ ਪੈਸੇ ਨਾਲ ਕੀ ਕਰਨਗੇ ਤਾਂ ਉਨ੍ਹਾਂ ਨੇ ਕਿਹਾ, "ਮੇਰੇ ਲਈ ਮੇਰਾ ਘਰ ਅਤੇ ਪਰਿਵਾਰ ਦੋਵੇਂ ਪਹਿਲਾਂ ਹਨ ਅਤੇ ਇਸ ਪੈਸੇ ਦੀ ਵਰਤੋਂ ਉਸੇ ਮੁਤਾਬਕ ਹੀ ਹੋਵੇਗੀ।

# ਸਵਿਟਜ਼ਰਲੈਂਡ ਨੇ ਫਿਰ ਜਿੱਤਿਆ ਦੁਨੀਆ ਦੇ ਬੈਸਟ ਦੇਸ਼ ਦਾ ਖਿਤਾਬ

ਸਵਿਟਜ਼ਰਲੈਂਡ ਨੇ ਇੱਕ ਵਾਰ ਫਿਰ ਦੁਨੀਆ ਦੇ ਸਰਵੋਤਮ ਦੇਸ਼ ਦਾ ਖਿਤਾਬ ਜਿੱਤ ਲਿਆ ਹੈ। ਇਹ ਲਗਾਤਾਰ ਦੂਜੀ ਵਾਰ ਹੈ ਜਦੋਂ ਸਵਿਟਜ਼ਰਲੈਂਡ ਨੇ ਇਹ ਖਿਤਾਬ ਜਿੱਤਿਆ ਹੈ। ਇਸ ਦੇ ਨਾਲ ਹੀ, ਕੁੱਲ ਮਿਲਾ ਕੇ ਇਹ ਛੇਵੀਂ ਵਾਰ ਹੈ, ਜਦੋਂ ਸਵਿਟਜ਼ਰਲੈਂਡ (ਸ਼ਾਟਿਜ਼ਇਰਲਓਨਦ)੍ਰਸ਼ ਨਿਊਜ਼ ਡ਼ ਵਰਲਡ ਰਿਪੋਰਟ ਦੀ ਸਾਲਾਨਾ ਰੈਂਕਿੰਗ ਵਿੱਚ ਦੁਨੀਆ ਦਾ ਸਭ ਤੋਂ ਵਧੀਆ ਦੇਸ਼ ਬਣ ਗਿਆ ਹੈ।

ਹਾਲ ਹੀ 'ਚ ਜਾਰੀ ਕੀਤੀ ਗਈ ਰੈਂਕਿੰਗ 'ਚ ਕੈਨੇਡਾ ਦੂਜੇ ਸਥਾਨ 'ਤੇ ਹੈ। ਇਸ ਦੇ ਨਾਲ ਹੀ ਸਵੀਡਨ 3ਵੇਂ ਨੰਬਰ 'ਤੇ, ਆਸਟ੍ਰੇਲੀਆ 4ਵੇਂ ਨੰਬਰ 'ਤੇ ਅਤੇ ਅਮਰੀਕਾ 5ਵੇਂ ਨੰਬਰ 'ਤੇ ਜਗ੍ਹਾ ਬਣਾਉਣ 'ਚ ਕਾਮਯਾਬ ਰਿਹਾ। ਤੁਹਾਨੂੰ ਦੱਸ ਦੇਈਏ ਕਿ ਅਮਰੀਕਾ ਦੇ ਪ੍ਰਦਰਸ਼ਨ ਵਿੱਚ ਇੱਕ ਸਥਾਨ ਦੀ ਗਿਰਾਵਟ ਦਰਜ ਕੀਤੀ ਗਈ ਹੈ। ਇਸ ਤੋਂ ਪਹਿਲਾਂ 2022 'ਚ ਅਮਰੀਕਾ ਚੌਥੇ ਸਥਾਨ 'ਤੇ ਸੀ, ਜੋ ਇਕ ਸਥਾਨ ਹੇਠਾਂ ਆ ਗਿਆ ਹੈ।

2023 ਦੀ ਰੈਂਕਿੰਗ ਵਿੱਚ, ਯੂਰਪੀਅਨ ਦੇਸ਼ ਸਿਖਰਲੇ 25 ਵਿੱਚੋਂ 16 ਸਥਾਨ ਹਾਸਲ ਕਰਕੇ ਸਿਖਰਲੇ ਦਰਜੇ ਉੱਤੇ ਹਾਵੀ ਹਨ। ਜਰਮਨੀ, ਜੋ 2022 ਦੀ ਰੈਂਕਿੰਗ ਵਿੱਚ ਦੂਜੇ ਸਥਾਨ 'ਤੇ ਸੀ, ਇਸ ਸਾਲ ਯਾਨੀ 2023 ਵਿੱਚ ਜਾਪਾਨ ਤੋਂ ਹੇਠਾਂ ਖਿਸਕ ਕੇ 7ਵੇਂ ਸਥਾਨ 'ਤੇ ਆ ਗਿਆ ਹੈ। ਏਸ਼ੀਆਈ ਦੇਸ਼ਾਂ ਦੀ ਗੱਲ ਕਰੀਏ ਤਾਂ ਟਾਪ 25 'ਚ ਜਾਪਾਨ, ਸਿੰਗਾਪੁਰ, ਚੀਨ ਅਤੇ ਦੱਖਣੀ ਕੋਰੀਆ ਸ਼ਾਮਲ ਹਨ।ਇਸ ਦੇ ਨਾਲ ਹੀ 87 ਦੇਸ਼ਾਂ ਦੀ ਸੂਚੀ 'ਚ ਕੈਮਰੂਨ, ਅਲਜੀਰੀਆ, ਮਿਆਂਮਾਰ, ਹੋਂਡੂਰਾਸ, ਸਰਬੀਆ, ਉਜ਼ਬੇਕਿਸਤਾਨ, ਕਜ਼ਾਕਿਸਤਾਨ, ਲੇਬਨਾਨ, ਬੇਲਾਰੂਸ ਅਤੇ ਈਰਾਨ ਨੇ ਹੇਠਲੇ 10 ਦੇਸ਼ਾਂ 'ਚ ਜਗ੍ਹਾ ਬਣਾਈ ਹੈ।ਇਹ ਦਰਜਾਬੰਦੀ ਇੱਕ ਗਲੋਬਲ ਸਰਵੇਖਣ 'ਤੇ ਅਧਾਰਤ ਹੈ ਜਿਸ ਵਿੱਚ 17,000 ਤੋਂ ਵੱਧ ਉੱਤਰਦਾਤਾ ਸ਼ਾਮਲ ਹਨ। ਇਹ ਦਰਜਾਬੰਦੀ ਗਤੀਸ਼ੀਲਤਾ, ਸੁਰੱਖਿਆ, ਆਰਥਿਕ ਸਥਿਰਤਾ ਅਤੇ ਸਮਾਜਿਕ ਨਿਆਂ ਪ੍ਰਤੀ ਵਚਨਬੱਧਤਾ ਵਰਗੀਆਂ 73 ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਦੇਸ਼ਾਂ ਦਾ ਮੁਲਾਂਕਣ ਕਰਦੀ ਹੈ।ਇਸ ਦੇ ਨਾਲ ਹੀ ਜੇਕਰ ਦੁਨੀਆ ਦੇ ਸਰਵੋਤਮ ਦੇਸ਼ਾਂ ਦੀ ਸੂਚੀ 'ਚ ਭਾਰਤ ਦੀ ਗੱਲ ਕਰੀਏ ਤਾਂ ਇਹ ਇਕ ਸਥਾਨ ਦੇ ਸੁਧਾਰ ਨਾਲ 30ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਪਿਛਲੇ ਸਾਲ ਰੈਂਕਿੰਗ ਦੇ ਲਿਹਾਜ਼ ਨਾਲ ਭਾਰਤ 31ਵੇਂ ਨੰਬਰ 'ਤੇ ਸੀ।

# ਲੀਬੀਆ 'ਚ ਡੇਨੀਅਲ ਤੂਫਾਨ ਨੇ ਮਚਾਈ ਤਬਾਹੀ

## ਤੱਟਵਰਤੀ ਸ਼ਹਿਰ 'ਚ ਹੜ੍ਹ ਕਾਰਨ 2000 ਤੋਂ ਵੱਧ ਮੌਤਾਂ ਦਾ ਖਦਸ਼ਾ

ਮੈਡੀਟੇਰੀਅਨ ਸਾਗਰ ਵਿੱਚ ਉੱਠੇ ਤੂਫ਼ਾਨ ਡੈਨੀਅਲ ਦੇ ਕਰਕੇ ਆਏ ਹੜ੍ਹ ਨੇ ਲੀਬੀਆ ਵਿੱਚ ਬਹੁਤ ਤਬਾਹੀ ਮਚਾਈ ਹੋਈ ਹੈ। ਦੇਸ਼ ਦੇ ਪੂਰਬੀ ਤੱਟ 'ਤੇ ਸਥਿਤ ਸ਼ਹਿਰ ਡਰਨਾ 'ਚ 2000 ਲੋਕਾਂ ਦੇ ਮਾਰੇ ਜਾਣ ਦੀ ਸੰਭਾਵਨਾ ਹੈ। ਨਿਊਜ਼ ਏਜੰਸੀ ਏਪੀ ਨੇ ਇਹ ਜਾਣਕਾਰੀ ਪੂਰਬੀ ਲੀਬੀਆ ਵਿੱਚ ਬਣੀ ਸਰਕਾਰ ਦੇ ਪ੍ਰਧਾਨ ਮੰਤਰੀ ਓਸਾਮਾ ਦੇ ਹਵਾਲੇ ਤੋਂ ਦਿੱਤੀ ਹੈ।ਪ੍ਰਧਾਨ ਮੰਤਰੀ ਓਸਾਮਾ ਹਮਦ ਨੇ ਕਿਹਾ ਕਿ ਪੂਰਬੀ ਸ਼ਹਿਰ ਡਰਨਾ 'ਚ 2,000 ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ ਹੈ, ਜਦਕਿ ਹਜ਼ਾਰਾਂ ਹੋਰ ਲਾਪਤਾ ਦੱਸੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਡਰਨਾ ਵਿੱਚ ਹੜ੍ਹ ਕਰਕੇ ਸਾਰਾ ਇਲਾਕਾ ਰੁੜ੍ਹ ਗਿਆ ਹੈ। ਸਰਕਾਰ ਨੇ ਡਰਨਾ ਨੂੰ ਆਫ਼ਤ ਵਾਲਾ ਇਲਾਕਾ ਐਲਾਨਿਆ ਹੋਇਆ ਹੈ।

ਇਸ ਤੋਂ ਪਹਿਲਾਂ ਪੂਰਬੀ ਲੀਬੀਆ ਸਰਕਾਰ ਦੇ ਸਿਹਤ ਮੰਤਰੀ ਓਥਮਾਨ ਅਬਦੁਲਜਲੀਲ ਨੇ ਸੋਮਵਾਰ ਨੂੰ ਸਾਊਦੀ ਸੈਟੇਲਾਈਟ ਚੈਨਲ ਅਲ-ਅਰਬੀਆ ਨਾਲ ਫੋਨ 'ਤੇ ਇੰਟਰਵਿਊ 'ਚ 27 ਲੋਕਾਂ ਦੀ ਮੌਤ ਦੀ ਪੁਸ਼ਟੀ ਕੀਤੀ ਸੀ।

## (ਮੁੱਖ ਪੰਨੇ ਦੀ ਬਾਕੀ) ਸ਼ਹੀਦ ਭੁਪਿੰਦਰ ਸਿੰਘ ਕੂੰਨਰ ਦੀ ਯਾਦ 'ਚ ਸ਼ਹੀਦੀ ਸਮਾਗਮ

ਝੂਠੇ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ ਗਿਆ ਜਿਹਨਾ ਦੀ ਇਕ ਤਸਵੀਰ ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ ਐਬਟਸਫੋਰਡ ਵਿਖੇ ਲੰਗਰ ਹਾਲ ਵਿੱਚ ਵੀ ਲਗਾਈ ਗਈ ਹੈ।ਇਥੇ ਇਹ ਵੀ ਵਰਨਣਯੋਗ ਹੈ ਕਿ ਸਰਦਾਰ ਕੁਲਵਿੰਦਰ ਸਿੰਘ ਕੂਨਰ ਹਰ ਸਾਲ ਆਪਣੇ ਭਰਾਤਾ ਸ਼ਹੀਦ ਭਾਈ ਭੁਪਿੰਦਰ ਸਿੰਘ ਕੂਨਰ ਦੀ ਮਿੱਠੀ ਯਾਦ ਵਿਚ ਚੰਗੇ ਅਤੇ ਨਾਮਵਰ ਪਹਿਲਵਾਨਾਂ ਦੀਆਂ ਕੁਸ਼ਤੀਆਂ ਅਪਣੇ ਫਾਰਮ ਤੇ ਬਣੇ ਹੋਏ ਅਖਾੜੇ ਤੇ ਕਰਾਉਦੇਂ ਹਨ ਅਤੇ ਜੇਤੂ ਪਹਿਲਵਾਨਾਂ ਨੂੰ ਆਪਣੇ ਪਾਸੋਂ ਹੀ ਯਥਾ ਯੋਗ ਇਨਾਮ ਵੀ ਤਕਸੀਮ ਕਰਦੇ ਹਨ ਜੋਕਿ ਨੌਜਵਾਨ ਪੀੜੀ ਨੂੰ ਨਸ਼ਿਆਂ ਆਦਿ ਤੋਂ ਰਹਿਤ ਕਰਨ ਅਤੇ ਚੰਗੇ ਪਾਸੇ ਲਾਉਣ ਦਾ ਬਹੁਤ ਵੱਡਾ ਉਪਰਾਲਾ ਹੈ।










# ਕਾਵਿ ਕਿਆਰੀ

## ਚਹੇਤੇ ਚੇਤੇ

ਚੇਤੇ ਇੰਨੇ ਚਹੇਤੇ ਸਨ ਜੋ,
ਉਮੜ ਉਮੜ ਕੇ ਚੇਤੇ ਆਏ,
ਨੈਣਾਂ ਦੇ ਨੀਰਾਂ ਨੇ ਫਿਰ,
ਮੋਹਲੇਧਾਰ ਕਈ ਮੀਂਹ ਵਰਸਾਏ।

ਉਖੜੇ ਸਾਹਾਂ ਦੀਆਂ ਤਰੰਗਾਂ,
ਤੜਪ ਤੜਪ ਕੇ ਇੰਨਾ ਫੜਕੀਆਂ,
ਕਈ ਪਰਤਾਂ ਵਿੱਚ ਦੱਬੇ ਜਜ਼ਬੇ,
ਲਾਵੇ ਵਾਂਗੂੰ ਉਬਲ਼ ਕੇ ਆਏ।

ਯਾਦਾਂ ਦੇ ਅਨੋਖੇ ਵਹਿਣ ਨੇ,
ਰੋੜ੍ਹ ਦਿੱਤਾ ਉਹ ਬੇੜਾ ਸਾਰਾ,
ਜਿਸ ਉੱਤੇ ਕਈ ਸੋਹਣੇ ਸੁਪਨੇ,
ਚਾਵਾਂ ਨਾਲ ਸੀ ਖ਼ੂਬ ਸਜਾਏ।

ਸੇਜਾਂ ਸੁੰਨੀਆਂ, ਬੇੜੀਆਂ ਰੁੜ੍ਹੀਆਂ,
ਟੁੱਟ ਖੁੱਸ ਗਏ ਸਾਰੇ ਹੀ ਚੱਪੂ,
ਲੁੱਟ ਲਏ ਸਭ ਪਾਪੀ ਲੁੱਡਣਾਂ,
ਪੂਰ ਜੋ ਸਨ ਕਦੀ ਭਰੇ ਭਰਾਏ।

ਚੱਲਣਾ ਨਹੀਂ ਹੁਣ ਕੋਈ ਵੀ ਚਾਰਾ,
ਜੋ ਖੱਟਿਆ ਸੋ ਪੱਲੇ ਬੰਨ੍ਹ ਲੈ,
ਮੁੜ ਕੇ ਫੇਰ ਆਪਣੇ ਨਹੀਂ ਬਣਦੇ,
ਜੋ ਇੱਕ ਵਾਰ ਹੋ ਜਾਣ ਪਰਾਏ।

ਚਲਣ ਦੁਨੀਆ ਦਾ ਬੜਾ ਅਨੋਖਾ,
ਮਤਲਬ ਪ੍ਰਸਤੀ ਭਾਰੂ ਹੋ ਗਈ,
ਚੱਲਵੇਂ ਰਿਸ਼ਤੇ ਬੜੀ ਛੇਤੀ ਟੁੱਟਦੇ,
ਮਨਸੂਬੇ ਰਹਿ ਜਾਣ ਧਰੇ ਧਰਾਏ।



ਛੱਡ ਫਰੋਲਣੀ ਕਾਇਆਂ ਦੀ ਮਿੱਟੀ,
ਖ਼ਾਕ ਖ਼ਲਕ ਨੇ ਛਾਣ ਹੀ ਦੇਣੀ,
ਤੇਰੇ ਹੱਥ ਨਹੀਂ ਹੁਣ ਉਹ ਆਉਣੇ,
ਲਾਲ ਜੋ ਹੱਥੀਂ ਕਦੇ ਲੁਟਾਏ।

**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

## ਪੁੱਛ ਦੱਸ

ਜੀਹਦੀ ਘਰ ਦੇ ਵਿੱਚ ਹੀ ਪੁੱਛ ਨਹੀਂ,
ਕੀ ਬਾਹਰ ਪਨਾਲ਼ੇ ਢਾਹ ਦੂ ਗਾ।
ਜੋ ਡਰਪੋਕ ਸੁਣੀਦਾ ਗਿੱਦੜਾਂ ਤੋਂ,
ਕਿੱਥੋਂ ਫੰਮਣ ਪੱਤੀਆਂ ਲਾ ਦੂ ਗਾ।
ਸਭ ਕੰਮਾਂ ਵਿੱਚ ਨਘੋਚ ਕੱਢੇ,
ਕੁਝ ਆਪੇ ਨੂੰ ਤਾਂ ਆਉਂਦਾ ਨਹੀਂ।
ਹਰ ਵਿਸ਼ੇ ‘ਤੇ ਫੋਕੀ ਬਹਿਸ ਕਰੇ,
ਜਿੱਦ ਕਰਦਾ ਗੱਲੋਂ ਭਾਉਂਦਾ ਨਹੀਂ।
ਮਿਲੀ ਵਿਰਸੇ ‘ਚੋਂ ਸਰਦਾਰੀ ਉੱਤੇ,
ਡਾਢਾ ਕਰ ਘਮੰਡ ਗਿਆ।
ਕਿਸੇ ਆਉਂਦਾ ਕੰਮ ਗਰੀਬ ਦੇ ਨਾ,
ਪਏ ਲੋਕੀ ਆਖਣ ਨੰਗ ਪਿਆ।
ਉਹ ਬੇਗ਼ਰਜ਼ਾਂ ਦੀਆਂ ਕਿਸਮਾਂ ‘ਚੋਂ,
ਉਹਨੂੰ ਸਾਰ ਨਾ ਕੋਈ ਕਮਜ਼ੋਰਾਂ ਦੀ।
ਪਲ਼ ਝੂਠੀ ਮਾਇਆ ਘਮੰਡ ਵਿੱਚ,
ਕੋਈ ਲੋੜ ਨਾ ਸਮਝੇ ਹੋਰਾਂ ਦੀ।
ਉਹ ਕਿਸੇ ਦੀ ਵੇਖ ਤਰੱਕੀ ਨੂੰ,
ਪਿਆ ਹਰਦਮ ਝੂਰਦਾ ਰਹਿੰਦਾ ਏ।
ਰਹੇ ਮਾਰਦਾ ਕੁੱਤੇ ਭਕਾਈ ਉਹ,
ਜਿੱਥੇ ਵੀ ਉੱਠਦਾ ਬਹਿੰਦਾ ਏ।
ਵਿੱਚ ਈਰਖਾ ਸੜਿਆ ਰਹਿੰਦਾ ਏ,
ਨਾ ਅਕਲ ਹੈ ਭੋਰਾ ਧੇਲੇ ਦੀ।
ਉਹਦੀ ਵਾਂਗ ਗਟਾਰ ਦੇ ਪੁੱਛ ਨਹੀਂ,
ਜੋ ਡੁੱਸ ਨਾ ਜਾਣੇ ਮੇਲੇ ਦੀ।
ਨਿੱਤ ਬਣਦਾ ਤਾਂ ਵਕੀਲ ਰਹੇ,
ਨਾ ਆਉਂਦਾ ਊੜਾ ਆੜਾ ਏ।
ਉਹ ਵੈਦ ਧਨੰਤਰ ਕਲਮਾਂ ‘ਤੇ,
ਪਿਆ ਕਰਦਾ ਰਹਿੰਦਾ ਸਾੜਾ ਏ।
ਕਰੀਂ ਭੋਰਾ ਨਾ ਪ੍ਰਵਾਹ ‘ਭਗਤਾ’,
ਪਏ ਕੁੱਤੇ ਭੌਂਕਦੇ ਰਹਿੰਦੇ ਨੇ।
ਤੂੰ ਬਿਨ ਬਰੇਕਾਂ ਦੱਬੀ ਚੱਲ,
ਇਹ ਕਲਮਾਂ ਨਾਲ ਹੀ ਢਹਿੰਦੇ ਨੇ।



**ਬਰਾੜ-ਭਗਤਾ ਭਾਈ ਕਾ**
001-604-751-1113

## .ਗ਼ਜ਼ਲ

ਜ਼ਖ਼ਮ ਦਿੱਤੇ ਜ਼ਾਲਮਾਂ ਜੋ ਸੱਜਰੇ।
ਪਹਿਲਿਆਂ ਤੋਂ ਹਨ ਬੜੇ ਹੀ ਵੱਖਰੇ।
ਦੁਸ਼ਮਣਾਂ ਨੂੰ ਰਣ ’ਚ ਜਦ ਸਾਂ ਟੱਕਰੇ।
ਚਮਕਦੇ ਨੇ ਉਹ ਸੁਨਹਿਰੀ ਪੱਤਰੇ।
ਵਸਤੂਆਂ ਦੇ ਭਾਅ ਬੜੇ ਨੇ ਅੱਕਰੇ।
ਕੁਸਕਦੇ ਨਾ ਲੋਕ ਸਿੱਧੇ ਪੱਧਰੇ।
ਜੱਗ ਤੋਂ ਨਾ ਬਾਲ ਸਾਡੇ ਵੱਖਰੇ।
ਬਚਪਨੇ ਵਿੱਚ ਬਾਲ ਹੁੰਦੇ ਅੱਥਰੇ।
.ਗੈਰ ਬੂਹੇ ’ਤੇ ਬੁਲਾਉਂਦੇ ਬੱਕਰੇ।
ਰੁਕਣਗੇ ਤਾਂ ਜੇ ਕਰਾਂਗੇ ਡੱਕਰੇ।
ਕੈਪਰੀ ਤੇ ਜੀਨ ਦਾ ਯੁੱਗ ਮੱਛਰੇ।
ਛੁਪ ਗਏ ਨੇ ਦਾਦੀਆਂ ਦੇ ਘੱਗਰੇ।
ਲੱਕੜਹਾਰੇ ਨਾਲ ਕਿਹੜਾ ਟੱਕਰੇ।
ਰੁੱਖ ਬਣਦੇ ਜਦ ਬਲੀ ਦੇ ਬੱਕਰੇ।

**ਹਰਮਿੰਦਰ ਸਿੰਘ ਕੋਹਾਰਵਾਲਾ**
**ਸੰਪਰਕ: 98768-73735**

## ਅੰਧ-ਵਿਸ਼ਵਾਸ

ਅੰਧ-ਵਿਸ਼ਵਾਸ ਨੇ ਲੋਕਾਂ ਦੀ ਮੱਤ ਮਾਰੀ
ਵੇਖੋ ਪਖੰਡੀਆਂ ਦੀ ਕਰੀ ਚੜ੍ਹਾਈ ਜਾਂਦੇ
ਸੰਧੂਰ ਨਾਰੀਅਲ ਤੇ ਕਿਤੇ ਨਿੰਬੂ ਮਿਰਚਾਂ
ਚੌਰਸਤਿਆਂ ਵਿੱਚ ਸਜਾਈ ਜਾਂਦੇ
ਨਿੱਕੇ ਬਾਲਾਂ ਦੀ ਬ.ਲੀ ਵੀ ਦੇਣ ਪਾਪੀ
ਦਾ.ਗ ਮਮਤਾ ਨੂੰ ਵੇਖੋ ਲਾਈ ਜਾਂਦੇ
ਬੁੱਢੇ ਮਾਪੇ ਰਿਜ਼ਕ ਤੋਂ ਹੋਣ ਭੁੱਖੇ
ਲੱਡੂ ਕੁੱਤਿਆਂ ਤਾਈਂ ਖਵਾਈ ਜਾਂਦੇ
ਸੁਆਹ ਮ.ਲ ਕੇ ਆਖਦੇ ਅਮਰ ਹੋਣੈਂ
ਖੇਹ ਆਪਣੇ ਹੱਥੀਂ ਸਿਰ ਪਾਈ ਜਾਂਦੇ
ਤਰਸ ਕੁਦਰਤਿ ਉੱਤੇ ਵੀ ਨਹੀਂ ਕਰਦੇ
ਲੱਸੀ ਪਿੱਪਲਾਂ ਬੋਹੜਾਂ ਨੂੰ ਪਿਆਈ ਜਾਂਦੇ
ਭੁੱਲ ਕੇ ਨਾਨਕ ਜੀ ਦੀ ਬਾਣੀ ਨੂੰ
ਭਾਣਾ ਇਹ ਕੈਸਾ ਵਰਤਾਈ ਜਾਂਦੇ
ਰਹੇਂ ਲੋਟੂਆਂ ਉੱਤੇ ਕਿਓਂ ਚੋਟ ਕਰਦੀ
ਅੱਖਾਂ ਕੱਢ ਦੀਪ ਨੂੰ ਡਰਾਈ ਜਾਂਦੇ

**ਅਮਨਦੀਪ ਕੌਰ ਹਾਕਮ ਸਿੰਘ ਵਾਲਾ**
**ਸੰਪਰਕ: 98776-54596**

## .ਗ਼ਜ਼ਲ

ਅਪਣੀ ਮਰਜ਼ੀ ਨਾਲ ਜੇਕਰ ਜੰਮਦਾ ਮਰਦਾ ਕੋਈ।
ਬੇਵਜਹ ਅੱਜ ਵਾਂਗਰਾਂ, ਜਾਬਰ ਤੋਂ ਨਾ ਡਰਦਾ ਕੋਈ।
ਕਰਮਚਾਰੀ ਵੀਹ ਰੁਪਏ ਰਿਸ਼ਵਤ ਲਵੇ ਤਾਂ ਜੁਰਮ ਹੈ।
ਅਫ਼ਸਰ ਕਰੋੜਾਂ ਖਾ ਲਵੇ, ਕਿੰਤੂ ਨਹੀਂ ਕਰਦਾ ਕੋਈ।
ਬੱਕਰਿਆਂ ਤੇ ਮੁਰਗਿਆਂ ਦੇ ਮਰਨ ਦਾ ਅਫ਼ਸੋਸ ਹੈ।
ਬੰਦੇ ਹਜ਼ਾਰਾਂ ਮਰ ਰਹੇ, ਹਉਕਾ ਨਹੀਂ ਭਰਦਾ ਕੋਈ।
ਮੁਫ਼ਤ ਦਾ ਹੋਕਾ ਲਗਾ ਕੇ, ਵੋਟ ਹਥਿਆਉਂਦਾ ਕੋਈ।
ਧਰਮ ਦਾ ਡੰਕਾ ਵਜਾ ਕੇ, ਸੋਚ ਨੂੰ ਹਰਦਾ ਕੋਈ।
ਵੰਸ਼ ਵਿੱਚ ਗੱਦੀ ਰਹੇ ਹਰ ਵੰਸ਼ਵਾਦੀ ਲੋਚਦਾ।
.ਗੈਰ ਨੂੰ ਗੱਦੀ ’ਤੇ ਬੈਠਾ, ਵੇਖ ਨਾ ਜਰਦਾ ਕੋਈ।
ਸੂਟ ਵਾਂਗੂੰ ਯਾਰ ਬਦਲਣ ਵਾਲਿਆਂ ਦੀ ਪੁੱਛ ਹੈ।
ਰਾਂਝਿਆਂ ਤੇ ਮਜਨੂੰਆਂ ’ਤੇ ਅੱਖ ਨਾ ਧਰਦਾ ਕੋਈ।
ਠੀਕ ਹੈ ਕਿ .ਗੈਰ ਮੁਲਕਾਂ ਤੋਂ ਨਸ਼ਾ ਹੈ ਆ ਰਿਹਾ।
ਵੇਚਦੇ ਤਾਂ ਆਪਣੇ ਹੀ, ਕਿਉਂ ਨਹੀਂ ਫੜਦਾ ਕੋਈ।
ਜਾਣਦੇ ਹੋਏ ਵੀ ਕਿ ਹਰ ਜੁਰਮ ਦੀ ਮਿਲਦੀ ਸਜ਼ਾ।
ਜੁਰਮ ਕਰਨੋਂ ਫੇਰ ਵੀ, ਮੁਜਰਮ ਨਹੀਂ ਡਰਦਾ ਕੋਈ।
ਜਿਸ ਨੂੰ ਮਿਲਦੇ ਹੋਣ ਕਾਰਾਂ ਤੇ ਸਕੂਟਰ ਚੜ੍ਹਨ ਨੂੰ।
‘ਕਮਲ’ ਦੇ ਸਾਈਕਲ ਪੁਰਾਣੇ ’ਤੇ ਕਿਵੇਂ ਚੜ੍ਹਦਾ ਕੋਈ।

**ਅਜੀਤ ਕਮਲ ਬਟਾਲਾ: 94173-76895**

## ਪ੍ਰੇਮ ਕੀ ਲੀਲਾ

ਤ੍ਰੇੜੇ ਜਿਹੇ ਸੁਫ਼ਨਿਆਂ ਦੀਆਂ
ਵਿੱਥਾਂ ਨੂੰ ਪੂਰਦਿਆਂ,
ਜ਼ਿੰਦਗੀ ਦੇ ਖਿੱਲਰੇ ਹੋਏ
ਟੁਕੜਿਆਂ ਨੂੰ ਚੁਗਦਿਆਂ।
ਹੱਥ ਵਧਾਉਂਦਾ ਏ
ਕੋਈ ਅਪਣੱਤ ਭਰਿਆ ਚਿਹਰਾ।
ਤ੍ਰੇੜੇ ਜਿਹੇ ਸੁਫ਼ਨਿਆਂ ਨੂੰ ਛੱਡ,
ਸਭ ਖਿਲਾਰਿਆਂ ਨੂੰ ਭੁੱਲ,
ਦਿਲ ਉਸ ਚਿਹਰੇ ਨਾਲ ਤੁਰਨ ਨੂੰ ਕਰਦਾ ਏ।
ਸੱਚ ਜਾਣੋ! ਪਿਆਰ ਇਸ ਤਰ੍ਹਾਂ ਵੀ ਮਿਲਦਾ ਏ।
ਮੁਹੱਬਤ ਦੇ ਫੁੱਲ ਸਦਾਬਹਾਰ ਨੇ, ਸਦਾ ਖਿੜਦੇ ਨੇ।
ਖ਼ੁਦਾ ਜਿਸ ਦਿਲ ਉੱਤੇ ਮਿਹਰਾਮਤਿ ਕਰਦਾ ਏ,
ਉਸ ਸ਼ਖ਼ਸ ਦੇ ਹੱਥ, ਮੁਹੱਬਤ ਲੱਦੇ ਫੁੱਲਾਂ ਨੂੰ ਛੁਹਾਉਂਦਾ ਏ।
ਖ਼ੁਦਾ ਜਿਨ੍ਹਾਂ ਅੱਖਾਂ ਉੱਤੇ ਬਖਸ਼ਿਸ ਕਰਦਾ ਏ,
ਪ੍ਰੀਤਮ ਤੋਂ ਛੁੱਟ ਕੁਝ ਨਹੀਂ ਲੋਚਦੀਆਂ ਉਹ ਅੱਖਾਂ।
ਸੱਚ ਜਾਣੋ! ਪਿਆਰ ਇਸ ਤਰ੍ਹਾਂ ਵੀ ਮਿਲਦਾ ਏ।
ਕਿ ਤ੍ਰੇੜੇ ਜਿਹੇ ਸੁਫ਼ਨਿਆਂ ਵਿੱਚ,
ਜ਼ਿੰਦਗੀ ਦੇ ਖਿੱਲਰੇ ਹੋਏ ਟੁਕੜਿਆਂ ਵਿੱਚ,
ਮੁਹੱਬਤ ਦੀ ਮਹਿਕ ਪਨਪਦੀ ਏ।
ਜਿਹੜੀ ਸਾਡੇ ਆਪੇ ਨੂੰ ਖ਼ਤਮ ਕਰ,
ਸਿਰਜਦੀ ਏ ਅਨਹਦ ਨਾਦ।
ਉਚਾਰਦੀ ਹੈ ਇੱਕੋ ਈ ਸ਼ਬਦ,
‘ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ।’

**ਹਰਸਿਮਰਤ ਸਿੰਘ**
**ਸੰਪਰਕ: 94786-50013**






# ਸੋਫਾ ਫੈਕਟਰੀ

**LOWEST PRICES IN TOWN**

ਸਟੋਰ ਤੇ ਆ ਕੇ ਵੇਖੋ





## Biggest Sale of the Year


ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।











**2 PCS SOFA & LOVE SEAT**

**$1350**







ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ

ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ

# B&B FURNITURE

12732-80TH AVE. SURREY
604.594.6533

ਪੰਜਾਬ ਕਲਾਥ ਦੇ
ਬਿਲਕੁਲ ਸਾਹਮਣੇ

# .Ck Auto.

## CK AUTO SERVICES LTD.

SALE
BUY 4 TIRES & GET
ALLIGNMENT AT 1/2 PRICE
FLAT TYRE REPAIR FREE




40% off

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

Clearance Sale
*Limited Quantity

On All Seasons & Winter Tires
(Auplus & Comforser)


TARSHOTAM BIRAN

215/70R16
COMFORSER
Reg: ~~$155.00~~
Now : $70.00



235/65R17
COMFORSER
Reg: ~~$220.00~~
Now : $95.00



245/65R17
COMFORSER
Reg: ~~$240.00~~
Now : $100.00



215/70R15
GOOD YEAR INTEGRITY
Reg: ~~$120.00~~
Now : $90.00



SALE
Comforser
Size: 205/60/16
Reg Price: ~~$110~~
Sale Price : $55



Auplus
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

Cell: 778-322-1610, Tel: 604-592-2667 #106-13112-84th Ave.,Surrey



TVTL
TAJVEER TRANSPORT LTD.

# TAJVEER
## TRANSPORT LTD.

ਸਾਨੂੰ ਕਨੇਡਾ/ਅਮਰੀਕਾ ਰੂਟਾਂ ਲਈ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ





Ph:604-951-1515 Toll Free:1-855-882-1515

19910-16th Ave, Langley BC V2Z 1K1

Email:info@tajveertransport.com sales@tajveertransport.com